ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)
Rs.10/-
# ਖੇਤੀ ਦੁਨੀਆਂ
Excellence in Agri Info
KHETI DUNIYAN, PATIALA
www.khetiduniyan.in
Postage Regd. No. PB/PTA/0338/2025-2027
Editor : Jagpreet Singh • RNI/PUNPUN00806 • Issue Dated 06-09-2025 • Vol.43 No.36 • M. 90410-14575 • Page 16
E-mail : khetiduniyan1983@gmail.com

ਪੀ.ਏ.ਯੂ., ਲੁਧਿਆਣਾ ਵਿਖੇ
ਕਿਸਾਨ ਮੇਲਾ 26 ਤੇ 27 ਸਤੰਬਰ ਨੂੰ
ਖੇਤੀ ਦੁਨੀਆਂ ਦੇ
ਸਟਾਲ ਨੰ.21 'ਤੇ ਪਧਾਰੋ।

## ਕਣਕ ਦੀ ਨਵੀਂ ਕਿਸਮ : ਪੀ.ਬੀ.ਡਬਲਯੂ.-872

**ਪੱਕਣ ਦਾ ਸਮਾਂ : ਤਕਰੀਬਨ 152 ਦਿਨਾਂ**

**ਔਸਤਨ ਝਾੜ : 24.4 ਕੁਇੰਟਲ/ਏਕੜ**

ਜੇਕਰ ਮੌਸਮ ਦੇ ਵਿੱਚ ਬਦਲਾਅ ਦੀ ਗੱਲ ਕੀਤੀ ਜਾਵੇ ਤਾਂ ਜ਼ਰੂਰੀ ਹੈ ਕਿ ਅਜਿਹੀਆਂ ਕਿਸਮਾਂ ਦੀ ਸਿਫ਼ਾਰਿਸ਼ ਕੀਤੀ ਜਾਵੇ, ਜੋ ਤਾਪਮਾਨ ਦਾ ਵਾਧੇ ਨੂੰ ਵੀ ਸਹਾਰ ਸਕਣ ਅਤੇ ਡਿੱਗਣ ਦਾ ਖ਼ਤਰਾ ਵੀ ਘੱਟ ਹੋਵੇ । 2024-25 ਦੇ ਹਾੜ੍ਹੀ ਸੀਜ਼ਨ ਦੌਰਾਨ ਵਧੇਰੇ ਝਾੜ ਦਾ ਕਾਰਨ ਪੀ. ਬੀ. ਡਬਲਯੂ-826 ਵਰਗੀਆਂ ਉੱਚ-ਉਪਜ ਦੇਣ ਵਾਲੀਆਂ ਕਣਕ ਦੀਆਂ ਕਿਸਮਾਂ ਦੀ ਕਾਸ਼ਤ ਦਾ ਨਤੀਜਾ ਹੈ । ਇਸੇ ਹੀ ਲੜੀ ਵਿੱਚ ਕਣਕ ਦੀ ਨਵੀਂ ਕਿਸਮ ਪੀ.



ਬੀ. ਡਬਲਯੂ.-872 ਦੀ ਸਿਫ਼ਾਰਿਸ਼ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਕੀਤੀ ਗਈ ਹੈ । ਪੀ. ਬੀ. ਡਬਲਯੂ.-872 ਦੀ ਸਿਫ਼ਾਰਿਸ਼ 2022 ਵਿੱਚ ਉੱਤਰ-ਪੱਛਮੀ ਮੈਦਾਨੀ ਇਲਾਕਿਆਂ ਲਈ ਵੱਧ ਖਾਦ ਵਾਸਤੇ ਕੀਤੀ ਗਈ ਸੀ । ਪਰ ਪੰਜਾਬ ਵਿੱਚ ਇਸਦੇ ਪਿਛਲੇ ਚਾਰ ਸਾਲਾਂ ਤੋਂ ਜਿਹੜੇ ਤਜ਼ਰਬੇ ਆਮ ਖਾਦਾਂ ਨਾਲ ਕੀਤੇ ਗਏ, ਉਹਨਾਂ ਦੇ ਆਧਾਰ ਤੇ ਪੀ. ਬੀ. ਡਬਲਯੂ.-872 ਦੀ ਸਿਫ਼ਾਰਿਸ਼ ਸਮੇਂ ਸਿਰ ਬਿਜਾਈ ਲਈ ਅਤੇ ਸਿਫ਼ਾਰਿਸ਼ ਕੀਤੀਆਂ ਜਾਂਦੀਆਂ ਖਾਦਾਂ ਅਨੁਸਾਰ ਕੀਤੀ ਗਈ ਹੈ । ਇਨ੍ਹਾਂ ਹਾਲਾਤਾਂ ਵਿੱਚ ਪੀ. ਬੀ. ਡਬਲਯੂ.-872 ਨੇ ਪੀ. ਬੀ. ਡਬਲਯੂ.826 ਨਾਲੋਂ 2.9%, ਪੀ. ਬੀ. ਡਬਲਯੂ.-766 ਨਾਲੋਂ 8.3% ਅਤੇ ਡੀ. ਬੀ. ਡਬਲਊ 222 ਨਾਲੋਂ 11.7% ਵੱਧ ਝਾੜ ਦਿੱਤਾ ਹੈ । ਇਹ ਸਾਰੇ ਤਜ਼ਰਬੇ ਪੂਰੇ ਪੰਜਾਬ ਵਿੱਚ ਕੀਤੇ ਗਏ ਸਨ । ਬ੍ਰੀਡਿੰਗ ਤਜ਼ਰਬਿਆਂ ਵਿੱਚ ਕੁੱਲ 152 ਤੋਂ ਵੱਧ ਤਜ਼ਰਬੇ ਕੀਤੇ ਗਏ । ਫ਼ਸਲ ਵਿਗਿਆਨ ਤਜ਼ਰਬਿਆਂ ਵਿੱਚ ਵੀ ਇਸ ਨਵੀਂ ਕਿਸਮ ਨੇ 25 ਅਕਤੂਬਰ ਤੋਂ ਲੈ ਕੇ ਦਸੰਬਰ ਤੱਕ ਹਰੇਕ ਤਰੀਕ ਵਿੱਚ ਨਾਲ ਵਾਲੀਆਂ ਕਿਸਮਾਂ ਨਾਲੋਂ ਵੱਧ ਝਾੜ ਦਿੱਤਾ ਹੈ ।

ਪੀ. ਬੀ. ਡਬਲਯੂ 872 ਪੱਕਣ ਲਈ ਤਕਰੀਬਨ 152 ਦਿਨਾਂ ਦਾ ਸਮਾਂ ਲੈਂਦੀ ਹੈ । ਇਸ ਦਾ ਔਸਤਨ ਕੱਦ 100 ਸੈ. ਮੀ. ਹੈ । ਇਹ ਇੱਕ ਲੰਮਾ ਸਮਾਂ ਲੈਣ ਵਾਲੀ ਕਿਸਮ ਹੈ ਅਤੇ ਇਸਦਾ ਦਰਮਿਆਨਾ ਕੱਦ ਇਸਨੂੰ ਡਿਗਣ ਤੋਂ ਬਚਾਉਂਦਾ ਹੈ । ਇਹ ਕਿਸਮ ਪੀਲੀ ਅਤੇ ਭੂਰੀ ਕੂੰਗੀ ਦਾ ਵੀ ਮੁਕਾਬਲਾ ਕਰ ਸਕਦੀ ਹੈ । ਇਸਦਾ ਝਾੜ ਵੱਧ ਆਉਣ ਦਾ ਮੁੱਖ ਕਾਰਨ ਇਸਦੇ 1000 ਦਾਣਿਆਂ ਦਾ ਵੱਧ ਭਾਰ ਹੈ । ਇਸਦੇ 1000 ਦਾਣਿਆਂ ਦਾ ਭਾਰ ਤਕਰੀਬਨ 40-48 ਗਰਾਮ ਵਿੱਚ ਰਹਿੰਦਾ ਹੈ । ਜੇਕਰ ਹੈਕਟੋਲੀਟਰ ਭਾਰ ਦੀ ਗੱਲ ਕੀਤੀ ਜਾਵੇ ਤਾਂ ਉਹ ਵੀ ਦੂਜੀਆਂ ਕਿਸਮਾਂ ਨਾਲੋਂ ਵੱਧ ਹੈ, ਜਿਹੜਾ ਕਿ 79.7 ਕੇ. ਜੀ./ਐੱਚ ਐੱਲ ਹੈ । ਇਸਦੇ ਦਾਣੇ ਮੋਟੇ, ਸ਼ਰਬਤੀ ਅਤੇ ਦੇਖਣ ਨੂੰ ਵਧੀਆ ਲੱਗਦੇ ਹਨ । ਪੀ. ਬੀ. ਡਬਲਯੂ.-872 ਪਿਛਲੇ ਤਿੰਨ ਸਾਲਾਂ ਤੋਂ ਉੱਤਰ-ਪੱਛਮੀ ਭਾਰਤ ਦੇ ਮੈਦਾਨੀ ਇਲਾਕਿਆਂ ਵਿੱਚ ਜਿਹੜੇ ਤਜ਼ਰਬੇ ਹੋ ਰਹੇ ਸਨ ਉਹਨਾਂ ਵਿੱਚ ਪਹਿਲੇ ਨੰਬਰ ਤੇ ਰਹੀ ਹੈ । ਇਸ ਤਰ੍ਹਾਂ ਇਹ ਕਿਸਮ ਵੱਧ ਝਾੜ ਦੇਣ ਵਾਲੀ, ਲੰਮਾਂ ਸਮਾਂ ਲੈਣ ਵਾਲੀ, ਇੱਕ ਵਧੀਆ ਕਿਸਮ ਹੈ । ਇਸ ਦਾ ਔਸਤਨ ਝਾੜ 24.4 ਕੁਇੰਟਲ ਪ੍ਰਤੀ ਏਕੜ ਆਉਂਦਾ ਹੈ । ਕਿਸਾਨ ਵੀਰੋ ਜਿਵੇਂ ਪੀ. ਬੀ. ਡਬਲਯੂ 826 ਵਧੀਆ ਝਾੜ ਦੇ ਰਹੀ ਹੈ ਉਸੇ ਤਰ੍ਹਾਂ ਇਹ ਕਿਸਮ ਵੀ ਝਾੜ ਵਾਸਤੇ ਬਹੁਤੀ ਢੁਕਵੀਂ ਹੈ । ਇਸ ਦਾ ਬੀਜ ਸਤੰਬਰ ਵਿੱਚ ਲੱਗਣ ਵਾਲੇ ਕਿਸਾਨ ਮੇਲਿਆਂ ਵਿੱਚ ਮਿਲੇਗਾ । ਇਹ 40 ਕਿਲੋ ਅਤੇ 20 ਕਿਲੋ ਦੀ ਪੈਕਿੰਗ ਵਿੱਚ ਉਪਲਬਧ ਹੋਵੇਗਾ ।

**ਵੀਰਇੰਦਰ ਸਿੰਘ ਸੋਹੂ, ਗੁਰਵਿੰਦਰ ਸਿੰਘ ਮਾਵੀ ਅਤੇ ਪੂਜਾ ਸ੍ਰੀਵਾਸਤਵਾ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 98761-34373)**

## ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਚੌਹਾਨ ਨੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ

### *ਸਥਿਤੀ ਭਿਆਨਕ ਹੈ, ਫਸਲਾਂ ਤਬਾਹ ਹੋ ਗਈਆਂ ਹਨ; ਕਿਸਾਨ ਭਰਾਵਾਂ ਅਤੇ ਭੈਣਾਂ ਨੂੰ ਚਿੰਤਾ ਨਹੀਂ ਕਰਨੀ ਚਾਹੀਦੀ, ਸਰਕਾਰ ਉਨ੍ਹਾਂ ਦੇ ਨਾਲ ਹੈ - ਸ਼ਿਵਰਾਜ ਸਿੰਘ*

ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਅਤੇ ਪੇਂਡੂ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕੀਤਾ। ਕੇਂਦਰੀ ਮੰਤਰੀ ਸ਼ਿਵਰਾਜ ਸਿੰਘ ਨੇ





ਅੰਮ੍ਰਿਤਸਰ, ਕਪੂਰਥਲਾ ਅਤੇ ਗੁਰਦਾਸਪੁਰ ਜਿਲ੍ਹਿਆਂ ਦੇ ਪਿੰਡਾਂ ਦਾ ਦੌਰਾ ਕੀਤਾ ਅਤੇ ਕਿਸਾਨਾਂ ਨਾਲ ਸਿੱਧੇ ਤੌਰ 'ਤੇ ਗੱਲਬਾਤ ਕੀਤੀ ਅਤੇ ਪਾਣੀ ਨਾਲ ਭਰੇ ਖੇਤਾਂ ਵਿੱਚ ਜਾ ਕੇ ਫਸਲਾਂ ਦੇ ਨੁਕਸਾਨ ਦਾ ਜਾਇਜਾ ਲਿਆ। ਇਸ ਦੌਰਾਨ ਕਿਸਾਨਾਂ ਨੇ ਕੇਂਦਰੀ ਮੰਤਰੀ ਨੂੰ ਫਸਲਾਂ ਦੇ ਹੋਏ ਭਾਰੀ ਨੁਕਸਾਨ ਬਾਰੇ ਜਾਣਕਾਰੀ ਦਿੱਤੀ, ਜਿਸ 'ਤੇ ਸ਼ਿਵਰਾਜ ਸਿੰਘ ਨੇ ਕਿਹਾ ਕਿ ਕਿਸਾਨ ਭਰਾਵੋ ਅਤੇ ਭੈਣੋ ਚਿੰਤਾ ਨਾ ਕਰੋ, ਸਰਕਾਰ ਉਨ੍ਹਾਂ ਦੇ ਨਾਲ ਹੈ।

ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਸਵੇਰੇ ਅੰਮ੍ਰਿਤਸਰ ਪਹੁੰਚਣ 'ਤੇ, ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਹੜ੍ਹ ਦੀ ਸਥਿਤੀ ਬਾਰੇ ਹਵਾਈ ਅੱਡੇ 'ਤੇ ਕੇਂਦਰੀ ਮੰਤਰੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਹੜ੍ਹ ਨਾਲ ਸਬੰਧਤ ਇੱਕ ਵਿਸਤ੍ਰਿਤ ਰਿਪੋਰਟ ਸੌਂਪੀ, ਜਦੋਂ ਕਿ ਹੋਰ ਅਧਿਕਾਰੀਆਂ ਨੇ ਵੀ ਕੇਂਦਰੀ ਖੇਤੀਬਾੜੀ ਮੰਤਰੀ ਨੂੰ ਹੜ੍ਹ ਦੀ ਗੰਭੀਰ ਸਥਿਤੀ ਬਾਰੇ ਜਾਣਕਾਰੀ ਦਿੱਤੀ।

ਇਸ ਤੋਂ ਤੁਰੰਤ ਬਾਅਦ, ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਦੇ ਹੋਏ, ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ ਸਥਿਤੀ ਬਹੁਤ ਗੰਭੀਰ ਹੈ, ਸੰਕਟ ਭਿਆਨਕ ਹੈ। ਹੜ੍ਹ ਕਾਰਨ ਫਸਲਾਂ ਡੁੱਬ ਗਈਆਂ ਹਨ ਅਤੇ ਪੂਰੀ ਤਰ੍ਹਾਂ ਤਬਾਹ ਹੋ ਗਈਆਂ ਹਨ। ਲਗਭਗ 1,400 ਪਿੰਡ ਪੂਰੀ ਤਰ੍ਹਾਂ ਪ੍ਰਭਾਵਿਤ ਹਨ। 26 ਅਗਸਤ ਤੋਂ ਇੱਥੇ ਖੇਤ ਪਾਣੀ ਨਾਲ ਭਰੇ ਹੋਏ ਹਨ। ਖੇਤਾਂ ਵਿੱਚ ਰਾਵੀ ਦਾ ਪਾਣੀ ਵਗ ਰਿਹਾ ਹੈ। ਪੈਰਾਂ ਹੇਠ ਮਿੱਟੀ ਨਹੀਂ, ਸਗੋਂ ਗਾਦ ਹੈ, ਜੋ ਇਕੱਠੀ ਹੋ ਗਈ ਹੈ। ਇਹ ਫਸਲ ਤਬਾਹ ਹੋ ਗਈ ਹੈ, ਅਗਲੀ ਫਸਲ ਵੀ ਖਤਰੇ ਵਿੱਚ ਹੈ। ਦਰਦ ਅਤੇ ਨੁਕਸਾਨ ਦਾ ਅੰਦਾਜਾ ਨਹੀਂ ਲਗਾਇਆ ਜਾ ਸਕਦਾ। ਉਨ੍ਹਾਂ ਕਿਹਾ ਕਿ ਸਥਿਤੀ ਨੂੰ ਦੇਖ ਕੇ ਦਿਲ ਪਿਘਲ ਜਾਂਦਾ ਹੈ, ਪਰ ਅਸੀਂ ਆਪਣੇ ਕਿਸਾਨ ਭਰਾਵਾਂ ਅਤੇ ਭੈਣਾਂ ਨੂੰ ਇਸ ਸਮੱਸਿਆ ਤੋਂ ਜਰੂਰ ਬਾਹਰ ਕੱਢਾਂਗੇ। ਇਹ ਚੁਣੌਤੀਪੂਰਨ ਹੈ, ਪਰ ਹਰ ਸੰਭਵ ਕੋਸ਼ਿਸ ਕੀਤੀ ਜਾਵੇਗੀ ਅਤੇ ਰਾਹਤ ਪ੍ਰਦਾਨ ਕਰਨ ਲਈ ਪੂਰੀ ਮਦਦ ਕੀਤੀ ਜਾਵੇਗੀ।

ਕੇਂਦਰੀ ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਨਿਰਦੇਸਾਂ 'ਤੇ, ਕੇਂਦਰ ਸਰਕਾਰ ਨੇ ਪੰਜਾਬ ਵਿੱਚ ਸਥਿਤੀ ਦਾ ਜਾਇਜਾ ਲੈਣ ਲਈ ਖੇਤੀਬਾੜੀ, ਪੇਂਡੂ ਵਿਕਾਸ, ਸੜਕ, ਊਰਜਾ, ਵਿੱਤ ਅਤੇ ਜਲ ਸਕਤੀ ਮੰਤਰਾਲਿਆਂ ਦੇ ਅਧਿਕਾਰੀਆਂ ਦੀਆਂ ਦੋ ਉੱਚ ਪੱਧਰੀ ਟੀਮਾਂ ਭੇਜੀਆਂ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਇਹ ਟੀਮਾਂ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨਗੀਆਂ, ਸਥਿਤੀ ਦਾ ਜਾਇਜਾ ਲੈਣਗੀਆਂ ਅਤੇ ਕੇਂਦਰ ਸਰਕਾਰ ਨੂੰ ਆਪਣੀ ਰਿਪੋਰਟ ਸੌਂਪਣਗੀਆਂ।

ਕੇਂਦਰੀ ਮੰਤਰੀ ਨੇ ਕਿਹਾ ਕਿ ਪਿੰਡਾਂ ਵਿੱਚ ਜਾ ਕੇ ਅਤੇ ਲੋਕਾਂ ਨਾਲ ਗੱਲਬਾਤ ਕਰਕੇ ਜਮੀਨੀ ਸਥਿਤੀ ਨੂੰ ਸਮਝਿਆ ਜਾਵੇਗਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇੱਕ ਵਿਸਤ੍ਰਿਤ ਰਿਪੋਰਟ ਸੌਂਪੀ ਜਾਵੇਗੀ। ਰਾਜ ਸਰਕਾਰ ਆਪਣਾ ਮੁਲਾਂਕਣ ਵੀ ਕਰੇਗੀ।

ਕੇਂਦਰੀ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਪੂਰਾ ਦੇਸ਼ ਪੰਜਾਬ 'ਤੇ ਮਾਣ ਕਰਦਾ ਹੈ, ਇਹ ਸੂਬਾ ਹਮੇਸਾ ਸੰਕਟ ਦੇ ਸਮੇਂ ਦੇਸ਼ ਲਈ ਢਾਲ ਬਣ ਕੇ ਖੜ੍ਹਾ ਰਿਹਾ ਹੈ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਮੈਂ ਪ੍ਰਧਾਨ ਮੰਤਰੀ ਦੇ ਨਿਰਦੇਸਾਂ 'ਤੇ ਆਇਆ ਹਾਂ ਅਤੇ ਸੰਕਟ ਦੀ ਇਸ ਘੜੀ ਵਿੱਚ, ਸਰਕਾਰ ਸਾਡੇ ਪੰਜਾਬ ਦੇ ਨਾਲ, ਸਾਡੇ ਕਿਸਾਨ ਭਰਾਵਾਂ ਅਤੇ ਭੈਣਾਂ ਦੇ ਨਾਲ, ਪੰਜਾਬ ਦੇ ਲੋਕਾਂ ਦੇ ਨਾਲ ਮਜਬੂਤੀ ਨਾਲ ਖੜ੍ਹੀ ਹੈ। ਸਰਕਾਰ ਕਿਸਾਨਾਂ ਨੂੰ ਇਸ ਆਫਤ ਵਿੱਚੋਂ ਜਰੂਰ ਬਾਹਰ ਕੱਢੇਗੀ। ਉਨ੍ਹਾਂ ਨੇ ਪੰਜਾਬ ਦੇ ਸਥਾਨਕ ਲੋਕਾਂ ਦੀ ਇਸ ਗੱਲ ਲਈ ਪ੍ਰਸੰਸਾ ਕੀਤੀ ਕਿ ਉਹ ਅਜਿਹੇ ਸਮੇਂ ਵਿੱਚ ਸੇਵਾ ਦੇ ਕੰਮ ਵਿੱਚ ਪੂਰੀ ਤਰ੍ਹਾਂ ਲੱਗੇ ਹੋਏ ਹਨ।

BEW
KSA
ਕਿਸਾਨ ਖੁਸ਼ਹਾਲ
ਤਾਂ ਦੇਸ਼ ਖੁਸ਼ਹਾਲ
4 IN 1 COMBO
BEW ਸੁਪਰ ਸੀਡਰ

• ਲੋਨ ਉਪਲੱਬਧ
• ਸਬਸਿਡੀ ਉਪਲੱਬਧ
• ਬੁਕਿੰਗ ਸ਼ੁਰੂ
• ਪਾਊਡਰ ਕੋਟਿੰਗ ਪੇਂਟ
• ਪੇਟੈਂਟ ਡਿਜਾਇਨ
TOLL FREE NUMBER 1800-120-004455
• KS AGROTECH PVT. LTD.
• BHAGWAN ENGINNERING WORKS
• KS POWERTECH PVT. LTD.
• KS FARM CORPORATION PVT. LTD.
Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co

# ਪੰਜਾਬ ਦੇ ਪਾਣੀਆਂ ਦਾ ਦੁਖਾਂਤਕ ਬਿਰਤਾਂਤ :




> ਲੱਗੀ ਨਜ਼ਰ ਪੰਜਾਬ ਨੂੰ, ਇਹਦੀ ਨਜ਼ਰ ਉਤਾਰੋ
> ਲੈ ਕੇ ਮਿਰਚਾਂ ਕੌੜੀਆਂ, ਇਹਦੇ ਸਿਰ ਤੋਂ ਵਾਰੋ
> - ਸੁਰਜੀਤ ਪਾਤਰ

ਕੁਦਰਤੀ ਸਾਧਨ ਕਿਸੇ ਵੀ ਖਿੱਤੇ ਦਾ ਸਰਮਾਇਆ ਹੁੰਦੇ ਹਨ । ਕੁਦਰਤ ਨੇ ਧਰਤੀ ਦੇ ਜ਼ਿਆਦਾਤਰ ਕੋਨਿਆਂ ਨੂੰ ਕੋਈ ਨਾ ਕੋਈ ਕੁਦਰਤੀ ਸਾਧਨ ਜਿਵੇਂ ਕਿ ਸਮੁੰਦਰ, ਪਹਾੜ, ਚੱਟਾਨਾਂ, ਖਾਨਾਂ ਅਤੇ ਤੇਲ ਦੇ ਭੰਡਾਰ ਬਖਸ਼ਿਸ ਕੀਤੇ ਹਨ । ਬਿਲਕੁਲ ਇਸੇ ਤਰ੍ਹਾਂ ਹੀ ਪੰਜਾਬ ਦੀ ਝੋਲੀ ਵਗਦੇ ਦਰਿਆਈ ਪਾਣੀਆਂ ਦੀ ਖੈਰ ਪਾ ਕੇ ਇਸ ਨੂੰ ਹਰਿਆ ਭਰਿਆ ਬਣਾਇਆ ਹੈ । ਪਰ ਅਫਸੋਸ ਇਸ ਗੱਲ ਦਾ ਹੈ ਕਿ ਪੰਜਾਬ ਦੇ ਇਹਨਾਂ ਦਰਿਆਵਾਂ ਦਾ ਸੁੱਖ ਹੋਰਨਾਂ ਸੂਬਿਆਂ ਨੂੰ ਪ੍ਰਦਾਨ ਕਰਨ ਲਈ ਇਹ ਪਾਣੀ ਨਹਿਰਾਂ ਦੁਆਰਾ ਪੰਜਾਬ ਦੀ ਧਰਤੀ ਨੂੰ ਚੀਰਦਾ ਹੋਇਆ ਦੂਸਰੇ ਸੂਬਿਆਂ ਵਿੱਚ ਜਾ ਕੇ ਉੱਥੋਂ ਦੀ ਧਰਤੀ ਨੂੰ ਹਰਿਆ ਭਰਿਆ ਬਣਾ ਰਿਹਾ ਹੈ। ਉਸ ਤੋਂ ਵੀ ਵੱਧ ਦੁੱਖ ਦੀ ਗੱਲ ਇਹ ਹੈ ਕਿ ਕਈ ਵਾਰ ਇਹ ਦਰਿਆ ਤੇਜ਼ ਬਾਰਿਸ਼ਾਂ ਦੇ ਕਾਰਨ ਜਦੋਂ ਡੋਬੇ ਜਾਂ ਹੜ੍ਹ ਵਰਗੀਆਂ ਮੁਸ਼ਕਿਲਾਂ ਦਾ ਕਾਰਨ ਬਣਦੇ ਹਨ ਤਾਂ ਇਹ ਦੂਸਰੇ ਸੂਬੇ ਦਰਿਆਵਾਂ ਕਾਰਨ ਆਏ ਹੜ੍ਹਾਂ ਦੇ ਪਾਣੀ ਨੂੰ ਆਪਣੇ ਸੂਬਿਆਂ ਵਿੱਚ ਪ੍ਰਵੇਸ਼ ਕਰਨ ਤੋਂ ਇਨਕਾਰੀ ਹੋ ਜਾਂਦੇ ਹਨ । ਦੁੱਖ ਤੇ ਸੁੱਖ ਇੱਕੋ ਸਿੱਕੇ ਦੇ ਦੋ ਪਹਿਲੂ ਹਨ । ਪਰ ਜੇਕਰ ਗੱਲ ਪੰਜਾਬ ਦੇ ਦਰਿਆਵਾਂ ਦੀ ਕੀਤੀ ਜਾਵੇ ਤਾਂ ਸੁੱਖ ਮਾਨਣ ਲਈ ਬਾਹਰਲੇ ਸੂਬੇ ਹਨ ਜੋ ਔੜ ਦੇ ਦਿਨਾਂ ਵਿੱਚ ਪੰਜਾਬ ਦਾ ਪਾਣੀ ਵਸੂਲਦੇ ਹਨ ਪਰ ਜਦੋਂ ਇਹ ਦਰਿਆ ਹੜ੍ਹਾਂ ਦੇ ਰੂਪ ਵਿੱਚ ਮੁਸ਼ਕਿਲਾਂ ਦੀ ਸਥਿਤੀ ਨੂੰ ਜਨਮ ਦਿੰਦੇ ਹਨ ਤਾਂ ਇਸ ਸਮੇਂ ਇਕੱਲਾ ਪੰਜਾਬ ਇਸ ਦੁੱਖ ਨੂੰ ਆਪਣੇ ਸਰੀਰ ਤੇ ਹੰਢਾਉਂਦਾ ਹੈ ਕਿਉਕਿ ਦਰਿਆ ਪੰਜਾਬ ਦੇ ਹਨ । ਇਹ ਤਾਂ ਉਹ ਗੱਲ ਹੋਈ ਕਿ ਮੰਡੇ ਖਾਣ ਨੂੰ ਬਾਂਦਰੀ ਤੇ ਡੰਡੇ ਖਾਣ ਨੂੰ ਰਿੱਛ । ਗੱਲ ਕੀ ਪੰਜਾਬ ਪਾਣੀ ਦੀ ਲੋੜ ਸਮੇਂ ਔੜ ਅਤੇ ਵੱਧ ਬਰਸਾਤਾਂ ਦੇ ਦਿਨਾਂ ਵਿੱਚ ਹੜ੍ਹਾਂ ਦੀ ਮਾਰ ਝੱਲਦਾ ਹੈ । ਜੇਕਰ ਗੱਲ ਸੋਕੇ ਅਤੇ ਧਰਤੀ ਹੇਠਲਾ ਪਾਣੀ ਦਾ ਪੱਧਰ ਡਿੱਗਣ ਦੀ ਕੀਤੀ ਜਾਵੇ ਤਾਂ ਕਾਰਣ ਸਿਰਫ਼ ਝੋਨੇ ਦੀ ਬਿਜਾਈ ਹੀ ਨਹੀਂ ਸਗੋਂ ਦਰਿਆਈ ਪਾਣੀਆਂ ਦੀ ਹੋ ਰਹੀ ਲੁੱਟ ਖਸੁੱਟ ਹੈ । ਅਸਲ ਗੱਲ ਇਹ ਹੈ ਕਿ ਅੰਤਰਰਾਸ਼ਟਰੀ ਰਿਪੇਰੀਅਨ ਕਾਨੂੰਨ ਦੇ ਮੁਤਾਬਿਕ ਦਰਿਆਵਾਂ ਅਤੇ ਦਰਿਆਈ ਪਾਣੀਆਂ ਦੀ ਵਰਤੋਂ ਅਤੇ ਮਾਲਕੀ ਜਿਸ ਖੇਤਰ ਵਿੱਚ ਇਹ ਹੁੰਦੇ ਹਨ, ਉਸ ਕੋਲ ਹੁੰਦਾ ਹੈ । ਜੇਕਰ ਦਰਿਆ ਸਿਰਫ਼ ਪੰਜਾਬ ਵਿੱਚ ਵਗਦੇ ਹਨ ਤਾਂ ਇਸ ਦਾ ਪੂਰਨ ਅਧਿਕਾਰ ਵੀ ਪੰਜਾਬ ਕੋਲ ਹੀ ਹੋਵੇਗਾ । ਇਸ ਤੋਂ ਇਲਾਵਾ ਭਾਰਤੀ ਸੰਵਿਧਾਨ ਦੇ ਸੱਤਵੇਂ ਸ਼ਡਿਊਲ ਦੀ ਦੂਸਰੀ ਸੂਚੀ ਦੀ 17ਵੀਂ ਮੱਦ ਦੇ ਅੰਤਰਗਤ ਇਹ ਸਪੱਸ਼ਟ ਕਿਹਾ ਗਿਆ ਹੈ ਕਿਸੇ ਸੂਬੇ ਦੇ ਦਰਿਆਈ ਪਾਣੀ ਅਤੇ ਇਸ ਨਾਲ ਸੰਬੰਧਿਤ ਸਿੰਚਾਈ, ਨਹਿਰਾਂ, ਨਿਕਾਸੀ, ਪਣ-ਬਿਜਲੀ ਅਤੇ ਪਾਣੀ ਭੰਡਾਰਨ ਆਦਿ ਪ੍ਰੋਜੈਕਟ ਸਬੰਧਿਤ ਸੂਬਿਆਂ ਦੇ ਅਧਿਕਾਰ ਹੇਠ ਆਉਂਦੇ ਹਨ । ਇਸ ਸ਼ਡਿਊਲ ਦੀ ਪਹਿਲੀ ਸੂਚੀ ਦੀ ਮੱਦ 56 ਦੇ ਅੰਤਰਗਤ ਕੇਂਦਰ ਸਰਕਾਰ ਸਿਰਫ਼ ਅੰਤਰ ਰਾਜੀ ਦਰਿਆਵਾਂ ਅਤੇ ਦਰਿਆਈ ਘਾਟੀਆਂ ਦੇ ਨਿਯੰਤਰਨ ਅਤੇ ਪ੍ਰਬੰਧ ਲਈ ਕਾਨੂੰਨ ਬਣਾ ਸਕਦੀ ਹੈ । ਕਿਉਕਿ ਪੰਜਾਬ ਦੇ ਤਿੰਨੋਂ ਦਰਿਆ ਤਾਂ ਪੂਰਨ ਤੌਰ ਤੇ ਪੰਜਾਬ ਵਿੱਚ ਹੀ ਵਗਦੇ ਹਨ ਇਸ ਲਈ ਇਹ ਅੰਤਰ ਰਾਜੀ ਦਰਿਆ ਨਾ ਹੋਣ ਕਾਰਨ ਇਸ ਦੇ ਪਾਣੀਆਂ ਦੀ ਮਾਲਕੀ ਦਾ ਹੱਕ ਪੰਜਾਬ ਕੋਲ ਹੋਣਾ ਚਾਹੀਦਾ ਹੈ । ਪਰ ਨਹੀਂ, ਕਿਉਕਿ ਪੰਜਾਬ ਦੇ ਦਰਿਆਵਾਂ ਦੀ ਮਾਲਕੀ ਦੇ ਸੰਬੰਧ ਵਿੱਚ ਸਾਰੇ ਅੰਤਰਰਾਸ਼ਟਰੀ ਅਤੇ ਸੰਵਿਧਾਨਿਕ ਕਾਨੂੰਨਾਂ ਨੂੰ ਇੱਕ ਪਾਸੇ ਰੱਖ ਕੇ 1 ਨਵੰਬਰ 1966 ਵਿੱਚ ਅਜੋਕੇ ਪੰਜਾਬ ਦੇ ਹੋਂਦ ਵਿੱਚ ਆਉਣ ਕਾਰਨ ਪੰਜਾਬ ਪੁਨਰਗਠਨ ਐਕਟ 1966 ਦੀਆਂ ਧਾਰਾ 78, 79 ਅਤੇ 80 ਦੇ ਅਧੀਨ ਪੰਜਾਬ ਤੋਂ ਆਪਣੇ ਹੀ ਦਰਿਆਂ ਦੇ ਪਾਣੀ, ਪਣ ਬਿਜਲੀ, ਸਿੰਚਾਈ, ਡੈਮਾਂ ਦੀ ਸਾਂਭ ਸੰਭਾਲ ਅਤੇ ਪ੍ਰਬੰਧਨ ਦਾ ਅਧਿਕਾਰ ਖੋ ਕੇ ਕੇਂਦਰ ਸਰਕਾਰ ਦੇ ਹਵਾਲੇ ਕਰ ਦਿੱਤਾ । ਸਿੱਟੇ ਵਜੋਂ 1966 ਤੋਂ ਪਹਿਲਾਂ ਜਿਹੜਾ ਭਾਖੜਾ ਡੈਮ ਦਾ ਪ੍ਰਬੰਧ ਪੰਜਾਬ ਕੋਲ ਸੀ, ਹੁਣ ਉਹ ਭਾਖੜਾ ਬਿਆਸ ਪ੍ਰਬੰਧਨ ਬੋਰਡ ਜੋ ਕਿ ਕੇਂਦਰ ਸਰਕਾਰ ਦੇ ਅਧੀਨ ਕੋਲ ਚਲਾ ਗਿਆ । ਜਦਕਿ ਹੋਰਨਾਂ ਸੂਬਿਆਂ ਵਿਚਾਲੇ ਦਰਿਆਵਾਂ ਦੀ ਮਾਲਕੀ ਉਸ ਸੂਬੇ ਕੋਲ ਹੀ ਹੁੰਦੀ ਹੈ । ਇਸ ਬੋਰਡ ਨੇ ਪੰਜਾਬ ਦਾ ਪਾਣੀ ਅਤੇ ਹੋਰ ਪ੍ਰੋਜੈਕਟ ਖੋਹ ਕੇ ਹਰਿਆਣਾ, ਰਾਜਸਥਾਨ ਅਤੇ ਦਿੱਲੀ ਨਾਲ ਵੰਡ ਦਿੱਤੇ ਉਹ ਵੀ ਬਿਨਾਂ ਕੋਈ ਕੀਮਤ ਵਸੂਲੇ । ਪੰਜਾਬ ਆਪਣੇ ਹੀ ਡੈਮਾਂ ਦਾ ਸਿੰਚਾਈ ਅਤੇ ਬਿਜਲੀ ਲਈ ਮਾਤਰ 20 ਫ਼ੀਸਦੀ ਹਿੱਸਾ ਵਰਤ ਕੇ ਅਤੇ ਬਾਕੀ ਸਿੰਚਾਈ ਲਈ ਧਰਤੀ ਹੇਠਲਾ ਪਾਣੀ ਨਿਰੰਤਰ ਕੱਢ ਕੇ ਆਪ ਸੋਕੇ ਦੀ ਮਾਰ ਝੱਲ ਰਿਹਾ ਹੈ । ਪਾਣੀ ਦੀ ਇਸ ਵਧ ਰਹੀ ਖਪਤ ਦੇ ਕਾਰਨ ਹੀ ਸੈਂਟਰਲ ਗਰਾਊਂਡ ਵਾਟਰ ਬੋਰਡ ਦੀ ਰਿਪੋਰਟ ਦੇ ਅਨੁਸਾਰ ਪੰਜਾਬ ਦੇ ਕੁੱਲ 153 ਬਲਾਕਾਂ ਵਿੱਚੋਂ 117 ਬਲਾਕਾਂ ਵਿੱਚ ਪਾਣੀ ਕੁਦਰਤੀ ਸੰਤੁਲਨ ਤੋਂ ਵੀ ਹੇਠਾਂ ਜਾ ਚੁੱਕਾ ਹੈ । ਸਿੱਟੇ ਵਜੋਂ ਇਹਨਾਂ 117 ਬਲਾਕਾਂ ਨੂੰ ਡਾਰਕ ਜੋਨ ਜਾਂ ਵੱਧ ਸ਼ੋਸ਼ਣ ਵਾਲੇ ਅਰਥਾਤ ਓਵਰ ਐਕਸਪਲੋਇਟਿਡ ਜ਼ੋਨ (100% ਤੋਂ ਵੀ ਵੱਧ ਪਾਣੀ ਕੱਢਣਾ) ਘੋਸ਼ਿਤ ਕਰ ਦਿੱਤਾ ਗਿਆ ਹੈ । ਟਿਊਬਵੈੱਲਾਂ ਦੀ ਗਿਣਤੀ 16 ਲੱਖ ਹੋ ਗਈ ਹੈ ।

ਜਿੱਥੇ ਇੱਕ ਪਾਸੇ ਪੰਜਾਬ ਗੁਆਂਢੀ ਸੂਬਿਆਂ ਨੂੰ ਪਾਣੀ ਦੇਣ ਕਾਰਣ ਖੁਦ ਬੰਜਰ ਹੋਣ ਕਿਨਾਰੇ ਹੈ, ਉੱਥੇ ਦੂਸਰੇ ਪਾਸੇ ਭਾਖੜਾ ਬਿਆਸ ਪ੍ਰਬੰਧਨ ਬੋਰਡ ਗੁਆਂਢੀ ਸੂਬਿਆਂ ਦੀਆਂ ਪਾਣੀ, ਸਿੰਚਾਈ ਅਤੇ ਬਿਜਲੀ ਦੀਆਂ ਲੋੜਾਂ ਦੀ ਪੂਰਤੀ ਲਈ ਡੈਮਾਂ ਵਿੱਚ ਵੱਧ ਤੋਂ ਵੱਧ ਪਾਣੀ ਭਰਦਾ ਰਹਿੰਦਾ ਹੈ । ਅਸਲ ਵਿੱਚ ਡੈਮਾਂ ਵਿੱਚ ਪਾਣੀ ਪਹਿਲਾਂ ਤੋਂ ਇੰਨੀ ਮਿਕਦਾਰ ਤੱਕ ਪੰਜਾਬ ਲਈ ਨਹੀਂ ਬਲਕਿ ਹੋਰਨਾਂ ਸੂਬਿਆਂ ਵਿੱਚ ਪਾਣੀ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਸਟੋਰ ਕੀਤਾ ਜਾਂਦਾ ਹੈ । ਸਤਲੁਜ ਦਰਿਆ ਤੇ ਭਾਖੜਾ, ਬਿਆਸ ਤੇ ਪੌਂਗ ਅਤੇ ਰਾਵੀ ਦਰਿਆ ਤੇ ਰਣਜੀਤ ਸਾਗਰ ਡੈਮ ਬਣਿਆ ਹੋਇਆ ਹੈ । ਜਦੋਂ ਪਹਾੜੀ ਖੇਤਰਾਂ ਵਿੱਚ ਭਾਰੀ ਬਾਰਿਸ਼ਾਂ ਕਾਰਨ ਡੈਮਾਂ ਦਾ ਪਾਣੀ ਖਤਰੇ ਦੇ ਨਿਸ਼ਾਨ ਤੱਕ ਆ ਜਾਂਦਾ ਹੈ ਤਾਂ ਇਹ ਵਾਧੂ ਪਾਣੀ ਡੈਮਾਂ ਤੋਂ ਦਰਿਆਵਾਂ ਰਾਹੀਂ ਲਈ ਛੱਡ ਦਿੱਤਾ ਜਾਂਦਾ ਹੈ । ਫਿਰ ਦਰਿਆਵਾਂ ਦੇ ਕੱਚੇ ਬੰਨ ਟੁੱਟਣ ਕਾਰਨ ਸੈਂਕੜਿਆਂ ਦੇ ਸੈਂਕੜੇ ਪਿੰਡ ਹੜ੍ਹਾਂ ਦੀ ਮਾਰ ਹੇਠ ਆ ਜਾਂਦੇ ਹਨ ।



**ਡਾ. ਮਨਪ੍ਰੀਤ ਕੌਰ,**
**ਸਹਾਇਕ ਪ੍ਰੋਫੈਸਰ,**
**ਅਰਥ ਸ਼ਾਸਤਰ, ਬਾਬਾ ਫਰੀਦ ਲਾਅ ਕਾਲਜ, ਫਰੀਦਕੋਟ**

ਪੌਂਗ ਡੈਮ ਵਿੱਚ ਪਾਣੀ ਦਾ ਪੱਧਰ 1386.20 ਫੁੱਟ ਤੱਕ ਜਾਣ ਨਾਲ ਬਿਆਸ ਦਰਿਆ ਅਤੇ ਨਾਲ ਲੱਗਦੇ ਇਲਾਕਿਆਂ ਵਿੱਚ ਹੜ੍ਹ ਦੀ ਸਥਿਤੀ ਹੋਰ ਵੀ ਗਹਿਰੀ ਹੋਣ ਦੀ ਸੰਭਾਵਨਾ ਹੈ । ਇਸ ਡੈਮ ਵਿੱਚ ਪਿੱਛੇ ਤੋਂ 124286 ਕਿਊਸਿਕ ਪਾਣੀ ਆ ਰਿਹਾ ਸੀ ਜਦ ਕਿ 39216 ਕਿਊਸਿਕ ਪਾਣੀ ਹੀ ਛੱਡਿਆ ਜਾ ਰਿਹਾ ਹੈ । ਜਿਸ ਕਾਰਨ ਡੈਮ ਵਿੱਚ ਪਾਣੀ ਦਾ ਪੱਧਰ ਵੱਧ ਹੋਣ ਨਾਲ ਬਿਆਸ ਦਰਿਆ ਵਿੱਚ ਹੜ੍ਹ ਦੀ ਸਥਿਤੀ ਪੈਦਾ ਹੋ ਗਈ । ਦੂਸਰੇ ਪਾਸੇ ਹਰੀਕੇ ਹੈੱਡ ਤੋਂ ਸਤਲੁਜ ਦਰਿਆ ਵਿੱਚ ਹੁਸੈਨੀ ਵਾਲਾ ਨੂੰ ਵੱਡੀ ਮਾਤਰਾ ਵਿੱਚ ਪਾਣੀ ਛੱਡਣ ਨਾਲ ਸਥਿਤੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ (ਇਸ ਲੇਖ ਨੂੰ ਲਿਖਦੇ ਸਮੇਂ) । ਜੇਕਰ ਰਣਜੀਤ ਸਾਗਰ ਡੈਮ ਦੀ ਗੱਲ ਕੀਤੀ ਜਾਵੇ ਤਾਂ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਤੇ ਜਾਣ ਕਾਰਨ ਪਾਣੀ ਰਾਵੀ ਵਿੱਚ ਛੱਡਿਆ ਜਾ ਰਿਹਾ ਹੈ ਜਿਸ ਕਾਰਨ ਪਠਾਨਕੋਟ ਤੋਂ ਹੁਸ਼ਿਆਰਪੁਰ ਤੱਕ ਲੋਕ ਭਾਰੀ ਤਬਾਹੀ ਦਾ ਸਾਹਮਣਾ ਕਰ ਰਹੇ ਹਨ । ਇਸ ਦੇ ਨਾਲ ਹੀ ਸ਼ਾਹਕੋਟ ਵਿੱਚ ਚਿੱਟੀ ਵੇਈ (ਨਦੀ) ਵਿੱਚ ਪਾਣੀ ਦਾ ਪੱਧਰ ਵਧਣ ਨਾਲ ਨੂਰਪੁਰ ਬੇਦੀ ਅਤੇ ਆਨੰਦਪੁਰ ਸਾਹਿਬ ਦੇ ਇਲਾਕੇ ਵੀ ਡੋਬੇ ਦੀ ਮੁਸ਼ਕਿਲ ਨਾਲ ਜੂਝ ਰਹੇ ਹਨ । ਗੱਲ ਕੀ ਡੈਮਾਂ ਵਿਚਲੇ ਪਾਣੀ ਦੇ ਪੱਧਰ ਵਧਣ ਕਾਰਨ ਪਾਣੀ ਦਰਿਆਵਾਂ ਵਿੱਚ ਛੱਡਿਆ ਜਾਂਦਾ ਹੈ ਅਤੇ ਦਰਿਆਵਾਂ ਦੇ ਕੰਢੇ ਕੱਚੇ ਹੋਣ ਕਾਰਨ ਇਹ ਇਲਾਕੇ ਅਤੇ ਲੋਕਾਂ ਵਿੱਚ ਹੜ੍ਹਾਂ ਦੇ ਰੂਪ ਵਿੱਚ ਤਬਾਹੀ ਮਚਾਉਂਦੇ ਹਨ ।

ਪੰਜਾਬ ਦੇ ਭੂਗੋਲਿਕ ਸਥਿਤੀ ਦੇ ਕਾਰਨ ਪੁਰਾਤਨ ਸਮਿਆਂ ਵਿੱਚ ਹਮਲਾਵਾਰਾਂ ਦੇ ਭਾਰਤ ਦਾਖਲ ਹੋਣ ਸਭ ਤੋਂ ਪਹਿਲਾਂ ਪੰਜਾਬ ਤੇ ਹਮਲਾ ਕਰਨ ਅਤੇ ਇੱਥੋਂ ਦੇ ਲੋਕਾਂ ਦੁਆਰਾ ਬਹਾਦਰੀ ਨਾਲ ਮੁਕਾਬਲਾ ਕਰਨ ਕਰਕੇ ਪੰਜਾਬ ਬਾਰੇ ਇਹ ਗੱਲ ਅਕਸਰ ਕਹੀ ਜਾਂਦੀ ਸੀ ਕਿ ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ । ਅੱਜ ਪੰਜਾਬ ਦੇ ਹਾਲਾਤ ਹੜ੍ਹਾਂ ਕਾਰਨ ਸਚਮੁੱਚ ਹੀ ਬਹੁਤ ਤਰਸਯੋਗ ਹੋਣ ਕਾਰਨ ਆਰਥਿਕ ਪੱਖੋਂ ਵੀ ਇਹ ਧਾਰਨਾ ਸਹੀ ਸਿੱਧ ਹੋ ਰਹੀ ਹੈ । ਹੜ੍ਹਾਂ ਨੇ ਨਾ ਕੇਵਲ ਫ਼ਸਲਾਂ ਬਲਕਿ ਘਰ, ਸਮਾਨ, ਪਸ਼ੂ ਸਭ ਕੁਝ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ । ਇੱਥੋਂ ਤੱਕ ਕਿ ਲੋਕਾਂ ਕੋਲ ਰਾਸ਼ਣ ਅਤੇ ਪਸ਼ੂਆਂ ਦੇ ਚਾਰੇ ਦੀ ਵੀ ਬਹੁਤ ਵੱਡੀ ਸਮੱਸਿਆ ਖੜ੍ਹੀ ਹੋ ਗਈ । ਪੰਜਾਬ ਦੇ ਫਿਰੋਜਪੁਰ, ਕਪੂਰਥਲਾ, ਤਰਨਤਾਰਨ, ਸੁਲਤਾਨਪੁਰ ਲੋਧੀ, ਨਵਾਂ ਸ਼ਹਿਰ, ਗੁਰਦਾਸਪੁਰ, ਪਠਾਨਕੋਟ, ਹੁਸ਼ਿਆਰਪੁਰ, ਪਟਿਆਲਾ ਅਤੇ ਫਾਜਿਲਕਾ ਆਦਿ ਵਿੱਚ ਦਰਿਆਵਾਂ ਵਿੱਚ ਹੜ੍ਹ ਆਉਣ ਕਾਰਨ ਇਹਨਾਂ ਦਰਿਆਵਾਂ ਦੇ ਬੰਨ ਟੁੱਟਣ ਨਾਲ ਇਲਾਕੇ ਦੇ ਲੋਕਾਂ ਲਈ ਭਾਰੀ ਤਬਾਹੀ ਦਾ ਕਾਰਨ ਬਣੇ ਹੋਏ ਹਨ । ਪੰਜਾਬ 37 ਸਾਲਾਂ ਵਿੱਚ ਆਪਣੇ ਸਭ ਤੋਂ ਭਿਆਨਕ ਹੜ੍ਹਾਂ ਦਾ ਸਾਹਮਣਾ ਕਰ ਰਿਹਾ ਹੈ ।

ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦ ਨਾ ਆਇਆ ॥

ਹੁਣ ਸਵਾਲ ਉੱਠਦਾ ਹੈ ਕਿ ਜੇਕਰ ਮੌਸਮ ਵਿਭਾਗ ਦੁਆਰਾ ਭਾਰੀ ਬਾਰਿਸ਼ ਦੀ ਭਵਿੱਖਬਾਣੀ ਪਹਿਲਾਂ ਤੋਂ ਹੀ ਕਰ ਲਈ ਜਾਂਦੀ ਹੈ ਤਾਂ ਫਿਰ ਡੈਮਾਂ ਵਿੱਚ ਪਾਣੀ ਦਾ ਪੱਧਰ ਪਹਿਲਾਂ ਹੀ ਘੱਟ ਕਿਉਂ ਨਹੀਂ ਰੱਖਿਆ ਜਾਂਦਾ । ਫਿਰ ਅਚਾਨਕ ਹੀ ਇੰਨਾ ਪਾਣੀ ਦਰਿਆਵਾਂ ਵਿੱਚ ਕਿਉਂ ਛੱਡ ਦਿੱਤਾ ਜਾਂਦਾ ਹੈ ਜੋ ਹੜ੍ਹਾਂ ਦਾ ਕਾਰਨ ਬਣ ਜਾਂਦਾ ਹੈ । ਇਸ ਦਾ ਕਾਰਨ ਹੈ ਗੁਆਂਢੀ ਸੂਬਿਆਂ ਨੂੰ ਪਾਣੀ ਦੀ ਲੋੜ ਦੀ ਪੂਰਤੀ ਲਈ ਡੈਮਾਂ ਵਿੱਚ ਪਾਣੀ ਦਾ ਪੱਧਰ ਬਰਕਰਾਰ ਰੱਖਿਆ ਜਾਂਦਾ ਹੈ । ਜਦੋਂ ਪਾਣੀ ਦੀ ਜ਼ਰੂਰਤ ਹੋਵੇ ਉਦੋਂ ਪਾਣੀ ਪੰਜਾਬ ਦੀ ਥਾਂ ਤੇ ਗੁਆਂਢੀ ਸੂਬੇ ਲੈਣ ਪਰ ਜਦੋਂ ਪਾਣੀ ਲੋੜ ਤੋਂ ਵੱਧ ਹੋ ਜਾਏ ਤਾਂ ਪੰਜਾਬ ਆਪਣੇ ਪਾਣੀ ਨੂੰ ਆਪ ਸਾਂਭੇ । ਜੇਕਰ ਇਹਨਾਂ ਸੂਬਿਆਂ ਨੇ ਪਾਣੀ ਦੀ ਰਕਮ ਹੀ ਅਦਾ ਕੀਤੀ ਹੁੰਦੀ ਤਾਂ ਅੱਜ ਉਸ ਰਕਮ ਨਾਲ ਹੜ੍ਹਾਂ ਤੇ ਕਾਬੂ ਪਾਇਆ ਹੁੰਦਾ ਅਤੇ ਸਥਿਤੀ ਇੰਨੀ ਬਦਤਰ ਨਾ ਹੁੰਦੀ । ਇਹੀ ਕਾਰਨ ਹੈ ਪੰਜਾਬ ਦੇ ਜਾਨੀ ਅਤੇ ਮਾਲੀ ਨੁਕਸਾਨ ਦਾ ਅਤੇ ਪੰਜਾਬ ਦੀ ਨਸਲੀ ਅਤੇ ਫ਼ਸਲੀ ਤਬਾਹੀ ਦਾ । ਇਸ ਤਰ੍ਹਾਂ ਪੰਜਾਬ ਨੇ ਦਰਿਆਵਾਂ ਦਾ ਸੁੱਖ ਘੱਟ ਅਤੇ ਦੁੱਖ ਜ਼ਿਆਦਾ ਭੋਗਿਆ ਹੈ । ਇਸ ਤਰ੍ਹਾਂ ਜਾਪਦਾ ਹੈ ਕਿ ਇਹ ਕੁਦਰਤੀ ਆਫ਼ਤ ਨਹੀਂ ਬਲਕਿ ਮਨੁੱਖੀ ਕਹਿਰ ਦਾ ਨਤੀਜਾ ਹੈ । ਜਿਸ ਦੇ ਸਦਕਾ ਕਿਸਾਨ ਅਤੇ ਮਜ਼ਦੂਰ ਵਰਗ ਭਾਰੀ ਆਰਥਿਕ ਸੰਕਟ ਦਾ ਸਾਹਮਣਾ ਕਰਦੇ ਹਨ । ਪੰਜਾਬ ਨਾਲ ਮਤਰੇਈ ਮਾਂ ਵਰਗਾ ਸਲੂਕ ਇਸ ਤੋਂ ਵੱਧ ਕੀ ਹੋ ਸਕਦਾ ਹੈ ? ਇਸ ਤੋਂ ਪਹਿਲਾਂ 1988, 2019 ਅਤੇ 2023 ਵਿੱਚ ਆਏ ਹੜ੍ਹ ਪੰਜਾਬ ਵਿੱਚ ਭਾਰੀ ਤਬਾਹੀ ਦਾ ਕਾਰਨ ਬਣੇ ਹਨ ।

ਹੜ੍ਹਾਂ ਦੀ ਰੋਕਥਾਮ ਲਈ ਸੁਚੱਜੇ ਪ੍ਰਬੰਧਾਂ ਦੀ ਬੇਹੱਦ ਜ਼ਰੂਰਤ ਹੈ । ਭਾਰਤ ਦੁਨੀਆਂ ਦੀ ਚੌਥੀ ਅਰਥਵਿਵਸਥਾ ਹੋਣ ਦਾ ਦਾਅਵਾ ਦੁਨੀਆਂ ਭਰ ਵਿੱਚ ਕਰ ਰਿਹਾ ਹੈ । ਅੱਜ ਦੁਨੀਆਂ ਦੀ ਇਹ ਚੌਥੀ ਵੱਡੀ ਅਰਥਵਿਵਸਥਾ ਜੋ ਵਿਗਿਆਨ ਦੇ ਖੇਤਰ ਵਿੱਚ ਇੰਨੀਆਂ ਵੱਡੀਆਂ ਮੱਲਾ ਮਾਰ ਰਹੀ ਹੈ, ਕੀ ਉਹ ਦਰਿਆਵਾਂ ਦੇ ਕੱਚੇ ਬੰਨ ਪੱਕੇ ਨਹੀਂ ਕਰ ਸਕਦੀ । ਤਾਂ ਜੋ ਭਾਰਤ ਦਾ ਅਨਾਜ ਕਟੋਰਾ ਪੰਜਾਬ ਅਤੇ ਦੇਸ਼ ਦਾ ਅੰਨਦਾਤਾ ਕਿਸਾਨ ਅਤੇ ਮਜ਼ਦੂਰ ਵਰਗ ਜਾਨੀ ਅਤੇ ਮਾਲੀ ਨੁਕਸਾਨ ਤੋਂ ਬਚ ਸਕਣ । ਹੜ੍ਹਾਂ ਦੀ ਰੋਕਥਾਮ ਲਈ ਅਤੇ ਪੰਜਾਬ ਦੀ ਕਿਸਾਨੀ ਜਲ ਜੀਵਨ, ਫ਼ਸਲਾਂ, ਪਸ਼ੂ ਆਦਿ ਦੀ ਰੱਖਿਆ ਲਈ ਦਰਿਆਵਾਂ ਦੇ ਬੰਨ ਪੱਕੇ ਕੀਤੇ ਜਾਣੇ ਬਹੁਤ ਜ਼ਰੂਰੀ ਹਨ । ਇਸ ਤੋਂ ਇਲਾਵਾ ਦਰਿਆਵਾਂ ਵਿੱਚ ਪਾਣੀ ਭੰਡਾਰਣ ਦੀ ਸਮਰੱਥਾ ਵਧਾਉਣ ਲਈ ਡੀਸਿਲਟਿੰਗ ਅਰਥਾਤ ਪਾਣੀ ਤੋਂ ਤਲਛੱਟ ਅਤੇ ਗਾਦ ਹਟਾਉਣਾ ਬਹੁਤ ਜ਼ਰੂਰੀ ਹੈ ਜੋ ਕਿ ਇੱਕ ਜਾਣਕਾਰੀ ਮੁਤਾਬਿਕ 1960 ਤੋਂ ਹੁਣ ਤੱਕ ਪੰਜਾਬ ਵਿੱਚ ਕਦੇ ਨਹੀਂ ਹਟਾਈ ।

ਇਸ ਲਈ ਮੌਜੂਦਾ ਸਰਕਾਰਾਂ ਨੂੰ ਪੰਜਾਬ ਵਿੱਚ ਵੱਧ ਰਹੇ ਇਸ ਜਲ ਸੰਕਟ ਅਤੇ ਹੜ੍ਹਾਂ ਦੀ ਸਮੱਸਿਆ ਨੂੰ ਹੱਲ ਕਰਨ ਲਈ ਉੱਚਿਤ ਧਿਆਨ ਦੇਣ ਦੀ ਲੋੜ ਹੈ । ਹਰ ਗੁਆਂਢੀ ਸੂਬਾ ਜੋ ਬਿਨਾਂ ਕਿਸੇ ਕੀਮਤ ਦੇ ਅਦਾਇਗੀ ਕੀਤੇ ਪੰਜਾਬ ਦੇ ਦਰਿਆਈ ਪਾਣੀਆਂ ਦਾ ਸੁੱਖ ਮਾਣ ਰਿਹਾ ਹੈ, ਇਸ ਵੇਲੇ ਦੁੱਖ ਦੀ ਘੜੀ ਵਿੱਚ ਵੀ ਸਾਥ ਦੇਵੇ । ਡੈਮਾਂ ਵਿੱਚ ਪਾਣੀ ਪੂਰੀ ਤਰ੍ਹਾਂ ਭਰਨ ਤੋਂ ਬਾਅਦ ਦਰਿਆਵਾਂ ਵਿੱਚ ਇਕਦਮ ਭਾਰੀ ਮਾਤਰਾ ਵਿੱਚ ਛੱਡਣ ਦੀ ਬਜਾਏ ਸੁਚੱਜੇ ਢੰਗ ਨਾਲ ਪਾਣੀ ਦੇ ਸਟੋਰ ਕਰਨ ਦਾ ਪ੍ਰਬੰਧ ਕੀਤਾ ਜਾਵੇ । ਇਸ ਤੋਂ ਇਲਾਵਾ ਹੜ੍ਹਾਂ ਦੀ ਰੋਕਥਾਮ ਲਈ ਡੈਮ ਵੱਧ ਬਣਾਏ ਜਾਣੇ ਚਾਹੀਦੇ ਹਨ ਤਾਂ ਜੋ ਹੜ੍ਹਾਂ ਅਤੇ ਬਰਸਾਤਾਂ ਦੇ ਦਿਨਾਂ ਵਿੱਚ ਪਾਣੀ ਛੱਡਣ ਦੀ ਬਜਾਏ ਡੈਮ ਵਿੱਚ ਸਟੋਰ ਕੀਤਾ ਜਾ ਸਕੇ । ਕਿਉਕਿ ਪੰਜਾਬ ਵਿੱਚ ਜਦੋਂ ਵੀ ਬਰਸਾਤਾਂ ਵੱਧ ਹੁੰਦੀਆਂ ਹਨ, ਹੜ੍ਹਾਂ ਦੀ ਸਮੱਸਿਆ ਵੱਧ ਜਾਂਦੀ ਹੈ । ਇਸ ਨਾਲ ਨਾ ਕੇਵਲ ਮੌਜੂਦਾ ਫ਼ਸਲ ਦਾ ਹੀ ਨੁਕਸਾਨ ਹੁੰਦਾ ਹੈ ਬਲਕਿ ਜ਼ਮੀਨਾਂ ਵਿੱਚ ਹੜ੍ਹਾਂ ਦੇ ਪਾਣੀ ਨਾਲ ਰੇਤ ਜਮ੍ਹਾਂ ਹੋਣ ਕਾਰਨ ਅਗਲੀਆਂ ਫ਼ਸਲਾਂ ਦੀ ਬਿਜਾਈ ਵੀ ਨਹੀਂ ਹੋ ਸਕਦੀ । ਸਿੱਟੇ ਵਜੋਂ ਕਿਸਾਨਾਂ ਦੀ ਆਰਥਿਕ ਬਰਬਾਦੀ ਦੇ ਨਾਲ ਇਹ ਹੜ੍ਹ ਦੇਸ਼ ਵਿੱਚ ਖੁਰਾਕੀ ਸੰਕਟ ਨੂੰ ਵੀ ਚੁਣੌਤੀ ਦੇ ਸਕਦੇ ਹਨ ਕਿਉਕਿ ਦੇਸ਼ ਦੇ ਕੇਂਦਰੀ ਅੰਨ ਭੰਡਾਰਨ ਵਿੱਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲਾ ਸੂਬੇ ਦਾ ਵੱਡਾ ਹਿੱਸਾ ਅੰਨ ਉਗਾਉਣ ਤੋਂ ਵਾਂਝਾ ਹੋ ਗਿਆ ਹੈ । ਸਭ ਤੋਂ ਵੱਧ ਤਰਸਯੋਗ ਹਾਲਤ ਮਜ਼ਦੂਰ ਵਰਗ ਅਤੇ ਉਸ ਕਿਸਾਨ ਵਰਗ ਦੀ ਹੈ ਜੋ ਦਰਿਆ ਦੇ ਕੰਢੇ ਤੋਂ ਬੰਨ ਦੇ ਵਿਚਕਾਰਲੇ ਖੇਤਰ ਵਾਲੀ ਜ਼ਮੀਨ ਤੇ ਖੇਤੀ ਕਰਦੇ ਹਨ ਕਿਉਕਿ ਇਸ ਖੇਤਰ ਵਾਲੀ ਜ਼ਮੀਨ ਤੇ ਕਿਸਾਨ ਦਾ ਮਾਲਕੀ ਹੱਕ ਨਾ ਹੋਣ ਕਾਰਨ ਇਹ ਕਿਸਾਨ ਕਰਜ਼ੇ, ਸਬਸਿਡੀ ਅਤੇ ਮੁਆਵਜ਼ੇ ਤੋਂ ਵੀ ਵਾਂਝੇ ਰਹਿ ਜਾਂਦੇ ਹਨ ਪਰ ਦੇਸ਼ ਦੇ ਅੰਨ ਉਤਪਾਦਨ ਵਿੱਚ ਤਾਂ ਇਹ ਕਿਸਾਨ ਵੀ ਤਾਂ ਪੂਰਾ ਯੋਗਦਾਨ ਪਾਉਂਦੇ ਹਨ ।

ਅੰਤ ਵਿੱਚ ਡੈਮਾਂ ਵਿੱਚ ਪਾਣੀ ਦੇ ਸੁਚੱਜੇ ਭੰਡਾਰਨ ਲਈ, ਦਰਿਆਵਾਂ ਦੇ ਬੰਨ ਪੱਕੇ ਕਰਨ ਲਈ, ਗਾਦ ਹਟਾਉਣ, ਬਰਸਾਤੀ ਨਹਿਰਾਂ ਦੀ ਵਿਵਸਥਾ ਅਤੇ ਹਰ ਪੱਖੋਂ ਹੜ੍ਹਾਂ ਉੱਪਰ ਕਾਬੂ ਪਾਉਣ ਲਈ ਨਿਰਪੱਖ ਮਾਹਿਰਾਂ ਦੀ ਉੱਚ ਪੱਧਰੀ ਕਮੇਟੀ ਦੀ ਸਥਾਪਨਾ ਅਤੇ ਵਿਸ਼ੇਸ਼ ਬਜਟ ਰੱਖਿਆ ਜਾਣਾ ਚਾਹੀਦਾ ਹੈ ਤਾਂ ਜੋ ਭਵਿੱਖ ਵਿੱਚ ਇਹ ਕਹਿਰ ਦੁਬਾਰਾ ਨਾ ਵਾਪਰੇ । ❑

**ਝੋਨੇ ਅਤੇ ਬਾਸਮਤੀ ਫ਼ਸਲਾਂ ਦੀ ਸਭ ਤੋਂ ਜ਼ਿਆਦਾ ਗੰਭੀਰ ਸਮੱਸਿਆ ਕੀੜੇ-ਮਕੌੜੇ ਹਨ । ਕਰੀਬ ਦਰਜਨ ਤੋਂ ਵੀ ਵੱਧ ਕੀੜੇ ਫ਼ਸਲ 'ਤੇ ਹਮਲਾ ਕਰਦੇ ਹਨ । ਕਿਸਾਨਾਂ ਨੂੰ ਇਨ੍ਹਾਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ...**



# ਬਾਸਮਤੀ ਤੇ ਝੋਨੇ ਦੇ ਕੀੜਿਆਂ ਦੀ ਰੋਕਥਾਮ

ਪ੍ਰੀਤਇੰਦਰ ਸਿੰਘ ਸਰਾਓ ਤੇ ਹਰਪਾਲ ਸਿੰਘ ਰੰਧਾਵਾ (ਮੋਬਾਇਲ : 98720-06248)

ਪੰਜਾਬ ਵਿੱਚ ਝੋਨਾ ਤੇ ਬਾਸਮਤੀ ਫ਼ਸਲਾਂ ਹੇਠ ਕੁੱਲ ਰਕਬਾ 31.79 ਲੱਖ ਹੈਕਟੇਅਰ ਹੈ। ਉਨ੍ਹਾਂ ਫ਼ਸਲਾਂ ਦੀ ਸਭ ਤੋਂ ਜ਼ਿਆਦਾ ਗੰਭੀਰ ਸਮੱਸਿਆ ਕੀੜੇ-ਮਕੌੜੇ ਹਨ । ਲਗਭਗ ਦਰਜਨ ਤੋਂ ਵੀ ਵੱਧ ਕੀੜੇ-ਮਕੌੜੇ ਝੋਨਾ ਤੇ ਬਾਸਮਤੀ ਫ਼ਸਲਾਂ 'ਤੇ ਹਮਲਾ ਕਰਦੇ ਹਨ । ਕਿਸਾਨ ਵੀਰ ਕੀੜਿਆਂ ਦੀ ਰੋਕਥਾਮ ਲਈ ਰਸਾਇਣਕ ਦਵਾਈਆਂ ਦੀ ਬੇਲੋੜੀ ਵਰਤੋਂ ਕਰਦੇ ਹਨ ਜੋ ਉਪਜ/ਦਾਣਿਆਂ ਵਿੱਚ ਕੀਟਨਾਸ਼ਕਾਂ ਦੀ ਰਹਿੰਦ-ਖੂੰਹਦ, ਵਾਤਾਵਰਨ ਨੂੰ ਦੂਸ਼ਿਤ ਕਰਨ ਤੇ ਗੰਭੀਰ ਸਿਹਤ ਸਮੱਸਿਆ ਦਾ ਕਾਰਨ ਬਣਦੀ ਹੈ। ਕੀੜਿਆਂ ਦੀ ਸੁਚੱਜੀ ਰੋਕਥਾਮ ਵਿੱਚ ਕੀੜੇ ਨੂੰ ਕਾਬੂ ਕਰਨ ਅਤੇ ਮਾਰਨ ਲਈ ਵੱਖ-ਵੱਖ ਤਰੀਕਿਆਂ ਦੀ ਵਿਉਂਤਬੰਦ ਢੰਗ ਨਾਲ ਵਰਤੋਂ ਕੀਤੀ ਜਾਂਦੀ ਹੈ ।

## ਤਣੇ ਦੇ ਗੜੂੰਏਂ/ਸੁੰਡੀਆਂ

ਇਹ ਗੜੂੰਏਂ/ਸੁੰਡੀਆਂ ਦੀਆਂ ਤਿੰਨ ਕਿਸਮਾਂ ਹਨ ਜਿਵੇਂ ਪੀਲੀ, ਚਿੱਟੀ ਤੇ ਗੁਲਾਬੀ ਸੁੰਡੀ ਜੋ ਜੁਲਾਈ ਤੋਂ ਅਕਤੂਬਰ ਤੱਕ ਨੁਕਸਾਨ ਕਰਦੀਆਂ ਹਨ । ਪੀਲੀ ਸੁੰਡੀ ਦੇ ਮਾਦਾ ਪਤੰਗੇ ਦਾ ਰੰਗ ਪੀਲਾ-ਚਿੱਟਾ ਹੁੰਦਾ ਹੈ ਅਤੇ ਹਰੇਕ ਅਗਲੇ ਖੰਡ ਦੇ ਵਿਚਕਾਰ ਕਾਲਾ ਧੱਬਾ ਹੁੰਦਾ ਹੈ । ਚਿੱਟੀ ਸੁੰਡੀ ਦੇ ਮਾਦਾ ਪਤੰਗੇ ਪਤਲੇ ਤੇ ਚਿੱਟੇ ਹੁੰਦੇ ਹਨ। ਗੁਲਾਬੀ ਸੁੰਡੀ ਦੀ ਮਾਦਾ ਦੇ ਅਗਲੇ ਖੰਭਾਂ ਦੇ ਵਿਚਕਾਰ ਤੇ ਵੱਖਰੀ ਤਰ੍ਹਾਂ ਦੀ ਕਾਲੀ ਸਲੇਟੀ ਕਿਰਨ ਖੰਡ ਦੇ ਸਿਰੇ ਵੱਲ ਵੱਧਦੀ ਹੈ ਤੇ ਗੂੜ੍ਹੇ ਧੱਬਿਆਂ ਦੀ ਪਤਲੀ ਕਤਾਰ ਦੇ ਰੂਪ ਵਿੱਚ ਖ਼ਤਮ ਹੋ ਜਾਂਦੀ ਹੈ । ਪੀਲੀ ਤੇ ਚਿੱਟੀ ਸੁੰਡੀ ਦੇ ਮਾਦਾ ਪਤੰਗੇ ਵਾਲਾ ਨਾਲ ਢੱਕੇ ਅੰਡੇ ਅਕਸਰ ਪੱਤਿਆਂ ਦੇ ਸਿਰਿਆਂ ਦੇ ਨੇੜੇ ਝੁੰਡਾਂ ਵਿੱਚ ਦਿੰਦੇ ਹਨ, ਜਦਕਿ ਗੁਲਾਬੀ ਸੁੰਡੀ ਦੀ ਮਾਦਾ ਪੱਤਿਆਂ ਦੇ ਅੰਦਰਲੇ ਪਾਸੇ ਮਟਕਿਆਂ ਵਰਗੇ ਅਤੇ ਕਤਾਰਾਂ ਵਿੱਚ ਤਣੇ ਦੇ ਪੱਤੇ ਦੀ ਡੰਡੀ ਵਿੱਚ ਦਿੰਦੀ ਹੈ। ਸੁੰਡੀਆਂ ਮੁੰਜਰਾਂ ਨਿਕਲਣ ਤੋਂ ਪਹਿਲਾਂ ਗੋਭਾਂ ਵਿੱਚ ਵੜ ਜਾਂਦੀਆਂ ਹਨ ਤੇ ਅੰਦਰੋਂ-ਅੰਦਰ ਖਾਣ ਨਾਲ ਗੋਭਾਂ ਸੁੱਕ ਜਾਂਦੀਆਂ ਹਨ। ਇਨ੍ਹਾਂ ਸੁੱਕੀਆਂ ਗੋਭਾਂ ਨੂੰ 'ਡੈਡ ਹਾਰਟ' ਆਖਦੇ ਹਨ ਜਿਹੜੀਆਂ ਬੂਟਿਆਂ ਵਿੱਚੋਂ ਆਸਾਨੀ ਨਾਲ ਬਾਹਰ ਖਿੱਚੀਆਂ ਜਾ ਸਕਦੀਆਂ ਹਨ ।

## ਪੱਤਾ ਲਪੇਟ ਸੁੰਡੀ

ਪੱਤਾ ਲਪੇਟ ਸੁੰਡੀ ਦੇ ਪਤੰਗੇ ਦੇ ਅਗਲੇ ਖੰਡ ਹਲਕੇ ਪੀਲੇ ਰੰਗ ਦੇ ਹੁੰਦੇ ਹਨ ਤੇ ਇਨ੍ਹਾਂ ਉੱਤੇ ਤਿੰਨ ਭੂਰੇ ਰੰਗ ਦੀਆਂ ਧਾਰੀਆਂ ਹੁੰਦੀਆਂ ਹਨ । ਮਾਦਾ ਪਤੰਗਾ ਪੱਤੇ ਦੇ ਹੇਠਲੇ ਪਾਸੇ ਇੱਕ-ਇੱਕ ਜਾਂ ਦੋ-ਦੋ ਕਰਕੇ ਚੌੜੇ ਅਤੇ ਪਾਰਦਰਸ਼ੀ ਅੰਡੇ ਦਿੰਦੀ ਹੈ। ਇਹ ਸੁੰਡੀ ਬਹੁਤਾ ਨੁਕਸਾਨ ਅਗਸਤ



ਤੋਂ ਅਕਤੂਬਰ ਦੇ ਦੌਰਾਨ ਕਰਦੀ ਹੈ । ਛੋਟੀਆਂ ਸੁੰਡੀਆਂ ਸ਼ੁਰੂ ਵਿੱਚ ਨਰਮ ਪੱਤਿਆਂ ਨੂੰ ਬਿਨਾਂ ਲਪੇਟਿਆਂ ਹੀ ਖਾਂਦੀਆਂ ਹਨ ਪਰ ਵੱਡੀਆਂ ਸੁੰਡੀਆਂ ਪੱਤਿਆਂ ਨੂੰ ਕਿਨਾਰਿਆਂ ਤੋਂ ਮੋੜ ਕੇ ਲੰਬੇ ਰੁੱਖ ਲਪੇਟ ਲੈਂਦੀਆਂ ਹਨ, ਅੰਦਰੋਂ-ਅੰਦਰ ਹਰਾ ਮਾਦਾ ਖਾਂਦੀਆਂ ਤੇ ਪੱਤੇ ਉੱਤੇ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ ਅਤੇ ਪੱਤੇ ਜਾਲੀਦਾਰ ਲੱਗਦੇ ਹਨ । ਇਸ ਨਾਲ ਪੌਦੇ ਦੀ ਪ੍ਰਕਾਸ਼ ਸੰਸਲੇਸ਼ਣ ਕਿਰਿਆ ਘੱਟ ਜਾਂਦੀ ਹੈ ਤੇ ਫ਼ਸਲ ਦੇ ਝਾੜ 'ਤੇ ਮਾੜਾ ਪ੍ਰਭਾਵ ਪੈਂਦਾ ਹੈ । ਪੱਤਾ ਲਪੇਟ ਸੁੰਡੀ ਦਾ ਹਮਲਾ ਤੇ ਨੁਕਸਾਨ ਦਰੱਖਤਾਂ ਦੀ ਛਾਂ ਹੇਠ ਵੱਧ ਹੁੰਦਾ ਹੈ । ਜੋ ਕੀੜੇ ਦੇ ਫੈਲਾਅ ਲਈ 'ਮੁੱਖ ਜਗ੍ਹਾ' ਬਣ ਜਾਂਦੀ ਹੈ । ਇਸ ਕਰਕੇ ਛਾਂਦਾਰ ਥਾਵਾਂ 'ਤੇ ਕੀੜੇ ਦੀ ਮੌਜੂਦਗੀ ਨੂੰ ਦੇਖਦੇ ਰਹਿਣਾ ਚਾਹੀਦਾ ਹੈ। ਫ਼ਸਲਾਂ ਨੂੰ ਖਾਦਾਂ ਦੀ ਸਹੀ ਵਰਤੋਂ ਮਿੱਟੀ ਪਰਖ ਆਧਾਰ ਜਾਂ ਪੱਤਾ ਰੰਗ ਚਾਰਟ ਆਧਾਰ 'ਤੇ ਹੀ ਕਰੋ ਤੇ ਪਾਣੀ ਲੋੜ ਅਨੁਸਾਰ ਹੀ ਲਗਾਉ ।

## ਬੂਟਿਆਂ ਦੇ ਟਿੱਡੇ

ਫ਼ਸਲ ਦਾ ਰਸ ਚੂਸ ਕੇ ਨੁਕਸਾਨ ਪਹੁੰਚਾਉਣ ਵਾਲੇ ਕੀੜਿਆਂ ਵਿੱਚੋਂ ਬੂਟਿਆਂ ਦੇ ਟਿੱਡੇ - ਚਿੱਟੀ ਪਿੱਠ ਵਾਲਾ ਟਿੱਡਾ ਅਤੇ ਭੂਰਾ ਟਿੱਡਾ ਮੁੱਖ ਹਨ। ਭੂਰਾ ਟਿਡੇ ਦੇ ਬਾਲਗ ਦਾ ਰੰਗ ਹਲਕੇ ਤੋਂ ਗੂੜ੍ਹਾ ਭੂਰਾ ਹੁੰਦਾ ਹੈ। ਚਿੱਟੀ ਪਿੱਠ ਵਾਲੇ ਟਿੱਡੇ ਦੇ ਬਾਲਗ ਤੋਂ ਇੱਕ ਪਤਲੀ (ਬਰੀਕ) ਚਿੱਟੀ ਪੱਟੀ ਉਪਰਲੇ ਪਾਸੇ ਦਿਖਾਈ ਦਿੰਦੀ ਹੈ। ਇੱਕ ਕਾਲਾ ਧੱਬਾ ਅਗਲੇ ਖੰਭਾਂ ਦੇ ਪਿਛਲੇ ਪਾਸੇ ਦੇ ਵਿਚਕਾਰ ਦਿਖਾਈ ਦਿੰਦਾ



ਹੈ। ਇਹ ਟਿੱਡੇ ਲੀਫ਼ ਸ਼ੀਥ (ਤਣੇ ਦੇ ਦੁਆਲੇ ਪੱਤੇ ਦੇ ਖੋਲ੍ਹ) ਵਿੱਚ ਅੰਡੇ ਦਿੰਦੇ ਹਨ । ਇਨ੍ਹਾਂ ਟਿੱਡਿਆਂ ਦੇ ਬੱਚੇ ਤੇ ਬਾਲਗ ਜੁਲਾਈ ਤੋਂ ਅਕਤੂਬਰ ਤੱਕ ਫ਼ਸਲ ਦਾ ਰਸ ਚੂਸ ਕੇ ਬਹੁਤ ਨੁਕਸਾਨ ਕਰਦੇ ਹਨ ।

### ਘਾਹ ਦਾ ਟਿੱਡਾ

ਕੀੜੇ ਦੇ ਬੱਚੇ ਅਤੇ ਬਾਲਗ ਛੋਟੇ ਪੌਦਿਆਂ ਦੇ ਪੱਤਿਆਂ ਨੂੰ ਖਾਂਦੇ ਹਨ । ਜ਼ਿਆਦਾ ਹਮਲੇ ਦੀ ਸੂਰਤ ਵਿੱਚ ਪੌਦੇ ਪੱਤਿਆਂ ਤੋਂ ਰਹਿਤ ਹੋ ਜਾਂਦੇ ਹਨ। ਕੀੜੇ ਦੇ ਹਮਲੇ ਤੋਂ ਬਚਾਅ ਲਈ ਫ਼ਸਲਾਂ ਦਾ ਆਲਾ-ਦੁਆਲਾ ਸਾਫ਼ ਰੱਖੋ ਅਤੇ ਲੋੜ ਪੈਣ 'ਤੇ ਰੋਕਥਾਮ ਲਈ ਬੂਟਿਆਂ ਦੇ ਟਿੱਡਿਆਂ ਲਈ ਸਿਫ਼ਾਰਿਸ਼ ਕੀਤੀਆਂ ਕੀਟਨਾਸ਼ਕਾਂ ਵਰਤੀਆਂ ਜਾ ਸਕਦੀਆਂ ਹਨ ।

### ਇੰਜ ਕਰੋ ਕੀੜੇ ਦੀ ਪਛਾਣ

ਭੂੰਡੀ ਦਾ ਜਵਾਨ ਕੀੜਾ ਚਮਕਦਾਰ ਤੇ ਨੀਲੇ ਕਾਲੇ ਰੰਗ ਦਾ ਹੁੰਦਾ ਹੈ। ਇਸ ਦੇ ਸਰੀਰ ਉੱਪਰ ਛੋਟੇ-ਛੋਟੇ ਕੰਢੇ ਹੋਣ ਕਰਕੇ ਇਸ ਨੂੰ 'ਕੰਡਿਆਲੀ ਭੂੰਡੀ' ਵੀ ਕਹਿੰਦੇ ਹਨ। ਕੀੜੇ ਦਾ ਗਰੱਬ (ਬੱਚਾ) ਤੇ ਜਵਾਨ ਕੀੜਾ ਦੋਵੇਂ ਹੀ ਫ਼ਸਲ ਨੂੰ ਨੁਕਸਾਨ ਕਰਦੇ ਹਨ। ਗਰੱਬ ਪੱਤਿਆਂ ਵਿੱਚ ਸੁਰੰਗਾਂ ਬਣਾ ਕੇ ਅੰਦਰ ਹਰਾ ਮਾਦਾ ਖਾਂਦੀਆਂ ਹਨ ਜਦ ਕਿ ਜਵਾਨ ਭੂੰਡੀਆਂ ਪੱਤੇ ਦੇ ਬਾਹਰਲੇ ਪਾਸੇ ਤੋਂ ਖੁਰਚ ਕੇ ਹਰਾ ਮਾਦਾ ਖਾਂਦੀਆਂ ਹਨ । ਪੱਤਿਆਂ 'ਤੇ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ । ਪਨੀਰੀ ਵਿੱਚ ਹਮਲਾ ਹੋਣ 'ਤੇ ਖੇਤ ਵਿੱਚੋਂ ਪਨੀਰੀ ਪੁੱਟ ਕੇ ਲਾਉਣ ਤੋਂ ਪਹਿਲਾਂ ਹਮਲੇ ਵਾਲੇ ਬੂਟਿਆਂ ਦੇ ਪੱਤੇ ਕੱਟ ਕੇ ਨਸ਼ਟ ਕਰ ਦਿਉ। ਕੀੜੇ ਦੇ ਹਮਲੇ ਤੋਂ ਬਚਾਅ ਲਈ ਖੇਤ ਵਿੱਚ ਪਾਣੀ ਲੰਬਾ ਸਮਾਂ ਖੜ੍ਹਾ ਨਹੀਂ ਰੱਖਣਾ ਚਾਹੀਦਾ ।

### ਕੀਟਨਾਸ਼ਕ

ਫ਼ਸਲ ਵਿੱਚ ਬੂਟਿਆਂ ਦੇ ਟਿੱਡਿਆਂ ਦੀ ਗਿਣਤੀ ਦਾ ਲਗਾਤਾਰ ਸਰਵੇਖਣ ਕਰਦੇ ਰਹੋ । ਝੋਨੇ/ਬਾਸਮਤੀ ਦੀ ਪਨੀਰੀ ਪੁੱਟ ਕੇ ਲਾਉਣ ਤੋਂ ਇੱਕ ਮਹੀਨੇ ਬਾਅਦ ਖੇਤ ਵਿੱਚ ਕੁਝ ਬੂਟਿਆਂ ਨੂੰ ਹਰ ਹਫ਼ਤੇ ਥੋੜ੍ਹਾ ਜਿਹਾ ਟੇਢੇ ਕਰਕੇ ਹੇਠਾਂ ਨੂੰ 2-3 ਵਾਰੀ ਝਾੜੋ । ਜੇਕਰ ਪ੍ਰਤੀ ਬੂਟਾ 5 ਟਿੱਡੇ (ਈਟੀਐਲ) ਜਾਂ ਵੱਧ ਟਿੱਡੇ ਪਾਣੀ ਉੱਤੇ ਤੈਰਦੇ ਦਿਖਾਈ ਦੇਣ ਤਾਂ ਕੋਈ ਇੱਕ ਕੀਟਨਾਸ਼ਕ ਦੀ ਵਰਤੋਂ ਕਰੋ । ਚੰਗੇ ਨਤੀਜਿਆਂ ਲਈ ਕੀਟਨਾਸ਼ਕ ਦਾ ਛਿੜਕਾਅ ਬੂਟਿਆਂ ਦੇ ਮੁੱਢਾਂ ਵੱਲ ਕਰਕੇ ਕਰੋ ।



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 43 ਅੰਕ 36**
**ਮਿਤੀ 06-09-2025**

**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ



## ਨੋਟ

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers,**
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਫੂਡ ਵੇਸਟ ਅਤੇ 6 ਕਰੋੜ ਕੁੱਤੇ

## ਕੀ ਭਾਰਤ ਸਿੱਖਿਆ ਲਵੇਗਾ ਵਿਦੇਸ਼ਾਂ ਤੋਂ?

**ਡਾ. ਰਚਨਾ ਗੁਪਤਾ**

ਭਾਰਤ ਆਬਾਦੀ ਵਾਧੇ ਅਤੇ ਬੇਰੁਜ਼ਗਾਰੀ ਦੀ ਸਮੱਸਿਆ ਨਾਲ ਹੀ ਜੂਝ ਰਿਹਾ ਹੈ, ਜਦੋਂ ਕਿ ਆਵਾਰਾ ਕੁੱਤਿਆਂ ਅਤੇ ਜਾਨਵਰਾਂ ਦੀ ਬੇਕਾਬੂ ਹੁੰਦੀ ਸਮੱਸਿਆ ਨੇ ਵਿਸ਼ਵ ਪੱਧਰ 'ਤੇ ਦੇਸ਼ ਨੂੰ ਸ਼ਰਮਸਾਰ ਕਰ ਦਿੱਤਾ ਹੈ। ਸ਼ਾਇਦ ਸੁਪਰੀਮ ਕੋਰਟ ਦਾ ਪਹਿਲਾ ਹੁਕਮ ਦੇਸ਼ ਨੂੰ ਇਸ ਸ਼ਰਮਿੰਦਗੀ ਤੋਂ ਬਾਹਰ ਕੱਢਣ ਦੀ ਕੋਸ਼ਿਸ਼ ਸੀ, ਜਿੱਥੇ ਨੀਤੀ ਨਿਰਮਾਤਾਵਾਂ ਅਤੇ ਨੀਤੀ ਲਾਗੂ ਕਰਨ ਵਾਲੇ ਦੋਵਾਂ ਪੱਧਰਾਂ 'ਤੇ ਮੌਜੂਦ ਗੈਰ-ਜ਼ਿੰਮੇਵਾਰਾਨਾ ਰਵੱਈਏ ਦਾ ਪਰਦਾਫਾਸ਼ ਕੀਤਾ ਜਾ ਸਕੇ। ਸੁਪਰੀਮ ਕੋਰਟ ਦੇ ਦੂਜੇ ਹੁਕਮ ਵਿੱਚ ਦੇਖੇ ਗਏ ਬਦਲਾਅ ਇਹ ਵੀ ਦਰਸਾਉਂਦੇ ਹਨ ਕਿ ਭਾਰਤ ਨੂੰ ਇੱਕ ਨਾਗਰਿਕ ਸਮਾਜ ਬਣਨ ਵਿੱਚ ਕਈ ਸਾਲ ਲੱਗਣਗੇ।

ਸੁਪਰੀਮ ਕੋਰਟ ਦੇ ਆਵਾਰਾ ਕੁੱਤਿਆਂ ਬਾਰੇ ਹੁਕਮ ਤੋਂ ਤੁਰੰਤ ਬਾਅਦ, ਇਹ ਸੋਚਣਾ ਜ਼ਰੂਰੀ ਹੋਵੇਗਾ ਕਿ ਰਾਜ ਸਰਕਾਰਾਂ ਅਤੇ ਭਾਰਤ ਸਰਕਾਰ ਮਿਲ ਕੇ ਕਾਨੂੰਨੀ ਸੋਚਾਂ ਰਾਹੀਂ ਛੋਟੀਆਂ-ਛੋਟੀਆਂ ਸਮੱਸਿਆਵਾਂ ਨੂੰ ਭ੍ਰਿਸ਼ਟਾਚਾਰ ਦੇ ਚੁੰਗਲ ਵਿੱਚੋਂ ਕਿਵੇਂ ਮੁਕਤ ਕਰ ਸਕਦੀਆਂ ਹਨ, ਤਾਂ ਜੋ ਭਵਿੱਖ ਵਿੱਚ ਉਹ ਭਿਆਨਕ ਸਮਾਜਿਕ ਮਹਾਮਾਰੀ ਦਾ ਰੂਪ ਨਾ ਲੈਣ। ਦੇਸ਼ ਦੇ ਸੈਰ-ਸਪਾਟਾ ਸਥਾਨਾਂ, ਸ਼ਿਮਲਾ ਅਤੇ ਹੋਰ ਹਿੱਸਿਆਂ ਦੀ ਤਾਜ਼ਾ ਉਦਾਹਰਣ ਲਓ, ਜਿੱਥੇ ਬ੍ਰਿਟਿਸ਼ ਸੈਲਾਨੀ ਘੁੰਮਣ ਆਉਂਦੇ ਹਨ। ਉਹ ਸੜਕ 'ਤੇ ਬੈਠੇ ਬਾਂਦਰਾਂ ਅਤੇ ਕੁੱਤਿਆਂ ਨਾਲ ਸੈਲਫ਼ੀ ਲੈਣਾ ਨਹੀਂ ਭੁੱਲਦੇ।

ਉਹ ਉਨ੍ਹਾਂ ਤਸਵੀਰਾਂ ਨੂੰ ਵੀ ਖਿੱਚਦੇ ਹਨ, ਜਿੱਥੇ ਢਾਬਿਆਂ ਤੇ ਸੜਿਆ ਹੋਇਆ ਖਾਣਾ ਮਾਲ ਰੋਡ 'ਤੇ ਕੁੱਤਿਆਂ ਅਤੇ ਬਾਂਦਰਾਂ ਦੀ ਗੰਦਗੀ ਦੇ ਵਿਚਕਾਰ ਖਿਲਰਿਆ ਰਹਿੰਦਾ ਹੈ ਅਤੇ ਉਹੀ



ਜਾਨਵਰ ਇਸ ਨੂੰ ਖਾ ਰਹੇ ਹੁੰਦੇ ਹਨ। ਇਹ ਦ੍ਰਿਸ਼ ਵਿਦੇਸ਼ੀ ਸੈਲਾਨੀਆਂ ਲਈ ਦੁਰਲੱਭ ਹੋ ਸਕਦਾ ਹੈ, ਪਰ ਭਾਰਤ ਲਈ ਇਹ ਇੱਕ ਗੰਭੀਰ ਸਮਾਜਿਕ ਅਤੇ ਸਿਹਤ ਸੰਕਟ ਦਾ ਸੰਕੇਤ ਹੈ।

ਸਵਾਲ ਇਹ ਉੱਠਦਾ ਹੈ ਕਿ ਭਾਰਤ ਵਿੱਚ 6 ਕਰੋੜ ਕੁੱਤਿਆਂ ਦੀ ਅਨੁਮਾਨਤ ਆਬਾਦੀ ਇਸ ਤਰ੍ਹਾਂ ਕਿਵੇਂ ਵਧੀ ? 11 ਅਗਸਤ ਅਤੇ 22 ਅਗਸਤ 2025 ਦੇ ਸੁਪਰੀਮ ਕੋਰਟ ਦੇ ਹੁਕਮਾਂ ਅਤੇ ਫਿਰ ਸੋਧੇ ਹੋਏ ਹੁਕਮਾਂ ਵਿੱਚ, ਇਹ ਦੱਸਿਆ ਗਿਆ ਸੀ ਕਿ ਭਾਰਤ ਵਿੱਚ ਆਵਾਰਾ ਕੁੱਤਿਆਂ ਦੀ ਗਿਣਤੀ 5.25 ਕਰੋੜ ਤੋਂ ਵੱਧ ਹੈ।

ਇਕੱਲੀ ਦਿੱਲੀ ਵਿੱਚ ਲਗਭਗ 10 ਲੱਖ ਆਵਾਰਾ ਕੁੱਤੇ ਹਨ। ਸੁਪਰੀਮ ਕੋਰਟ ਨੇ ਇਸ ਸਮੱਸਿਆ ਦੇ ਹੱਲ ਲਈ 3 ਮੁੱਖ ਨੁਕਤਿਆਂ 'ਤੇ ਜ਼ੋਰ ਦਿੱਤਾ ਹੈ-

ਪਹਿਲਾ, 'ਕੈਚ-ਨਿਊਟਰ-ਵੈਕਸੀਨ-ਐਂਡ-ਰਿਲੀਜ਼' (ਸੀ. ਐੱਨ. ਵੀ. ਆਰ.) ਦਾ ਪ੍ਰਭਾਵਸ਼ਾਲੀ ਪ੍ਰਬੰਧ; ਦੂਜਾ ਵਿਸ਼ਵ ਪਸ਼ੂ ਸਿਹਤ ਸੰਗਠਨ (ਓ. ਆਈ. ਈ.) ਦੇ ਮਾਪਦੰਡਾਂ ਅਨੁਸਾਰ 'ਐਨੀਮਲ ਬਰਡ ਕੰਟਰੋਲ' (ਏ. ਬੀ. ਸੀ.) ਪ੍ਰੋਗਰਾਮ ਨੂੰ ਲਾਗੂ ਕਰਨਾ ਅਤੇ ਤੀਜਾ, ਕੁੱਤਿਆਂ ਨੂੰ ਖੁਆਉਣ ਲਈ ਵੱਖਰੇ ਖੇਤਰ ਨਿਰਧਾਰਤ ਕਰਨਾ, ਨਾਲ ਹੀ ਜਨਤਕ ਥਾਵਾਂ ਤੋਂ ਰੈਬੀਜ਼ ਨਾਲ ਸੰਕਰਮਿਤ ਕੁੱਤਿਆਂ ਨੂੰ ਹਟਾਉਣਾ।

ਪਰ ਹੁਣ ਤੱਕ ਸਰਕਾਰਾਂ ਨੇ 'ਭੋਜਨ ਦੀ ਬਰਬਾਦੀ' ਵੱਲ ਗੰਭੀਰਤਾ ਨਾਲ ਧਿਆਨ ਨਹੀਂ ਦਿੱਤਾ, ਜੋ ਕਿ ਆਵਾਰਾ ਕੁੱਤਿਆਂ ਦੀ ਗਿਣਤੀ ਵਿੱਚ ਵਾਧੇ ਦਾ ਇੱਕ ਸਭ ਤੋਂ ਵੱਡਾ ਕਾਰਨ ਹੈ। ਸੰਯੁਕਤ ਰਾਸ਼ਟਰ ਵਾਤਾਵਰਣ ਪ੍ਰੋਗਰਾਮ (2021 ਅਤੇ 2024) ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਹਰ ਸਾਲ ਵਿਸ਼ਵ ਪੱਧਰ 'ਤੇ 631 ਮਿਲੀਅਨ ਟਨ ਭੋਜਨ ਬਰਬਾਦ ਹੁੰਦਾ ਹੈ ਅਤੇ ਇਸ ਦਾ ਸਭ ਤੋਂ ਵੱਡਾ ਹਿੱਸਾ ਘਰਾਂ ਤੋਂ ਆਉਂਦਾ ਹੈ।

ਭਾਰਤ ਵਿੱਚ ਘਰੇਲੂ ਭੋਜਨ ਦੀ ਬਰਬਾਦੀ ਦਾ ਅਨੁਮਾਨ ਪ੍ਰਤੀ ਵਿਅਕਤੀ ਪ੍ਰਤੀ ਸਾਲ ਲਗਭਗ 50 ਕਿਲੋਗ੍ਰਾਮ ਹੈ (ਕੁੱਲ 68.76 ਮਿਲੀਅਨ ਟਨ ਪ੍ਰਤੀ ਸਾਲ) ਪਰ ਭਾਰਤ ਵਿੱਚ ਇਸ ਨੂੰ ਕੰਟਰੋਲ ਕਰਨ ਲਈ ਕੋਈ ਕੰਮ ਨਹੀਂ ਕੀਤਾ ਗਿਆ। ਜਦੋਂ ਸ਼ਹਿਰਾਂ ਵਿੱਚ ਭੋਜਨ ਦੀ ਬਰਬਾਦੀ ਖੁੱਲ੍ਹੇ ਵਿੱਚ ਫੈਲ ਜਾਂਦੀ ਹੈ, ਤਾਂ ਹੋਟਲਾਂ-ਢਾਬਿਆਂ-ਮੱਛੀਆਂ ਦੇ ਪਿੱਛੇ, ਗਿੱਲੇ ਕੂੜੇ ਦੇ ਢੇਰਾਂ 'ਤੇ ਫਿਰ ਇਹ ਕੁੱਤਿਆਂ ਲਈ ਸਥਾਈ ਭੋਜਨ ਕੇਂਦਰ ਬਣ ਜਾਂਦਾ ਹੈ।

ਲਗਾਤਾਰ ਭੋਜਨ ਦੀ ਉਪਲਬਧਤਾ ਕੁੱਤਿਆਂ ਦੇ ਬਚਾਅ ਦੀ ਦਰ ਅਤੇ ਪ੍ਰਜਨਨ ਸਫਲਤਾ ਦੋਵਾਂ ਨੂੰ ਵਧਾਉਂਦੀ ਹੈ (ਕਤੂਰਿਆਂ ਦੀ ਮੌਤ ਦਰ ਘਟਦੀ ਹੈ) ਅਤੇ ਸਥਾਨਕ ਆਬਾਦੀ ਕੁਝ ਸਾਲਾਂ ਵਿੱਚ ਤੇਜ਼ੀ ਨਾਲ ਵੱਧਦੀ ਹੈ। ਇਸ ਦਾ ਮਤਲਬ ਹੈ ਕਿ ਸਿਰਫ਼ ਨਸਬੰਦੀ ਕਾਫ਼ੀ ਨਹੀਂ ਹੈ ਜਦੋਂ ਤੱਕ ਕਿ ਬਰਬਾਦ ਭੋਜਨ ਨੂੰ ਘੱਟ ਨਹੀਂ ਕੀਤਾ ਜਾਂਦਾ। ਇਹ ਸਿੱਟਾ ਇੱਕ ਅੰਤਰਰਾਸ਼ਟਰੀ ਕੁੱਤਿਆਂ ਦੇ ਆਬਾਦੀ ਪ੍ਰਬੰਧਨ ਦੇ ਅਧਿਐਨ ਤੋਂ ਨਿਕਲਿਆ ਹੈ। ਬਦਕਿਸਮਤੀ ਨਾਲ, ਖੁੱਲ੍ਹੇ ਵਿੱਚ ਭੋਜਨ ਸੁੱਟਣ 'ਤੇ ਹੁਣ ਤੱਕ ਸਰਕਾਰੀ ਪੱਧਰ 'ਤੇ ਕੋਈ ਸਖ਼ਤ ਕਾਰਵਾਈ ਨਹੀਂ ਕੀਤੀ ਗਈ।

ਜੇਕਰ ਅਸੀਂ ਆਵਾਰਾਂ



ਕੁੱਤਿਆਂ ਦੇ ਨਿਯੰਤਰਣ ਲਈ ਵਿਦੇਸ਼ਾਂ ਵਿੱਚ ਬਣੇ ਕਾਨੂੰਨਾਂ 'ਤੇ ਨਜ਼ਰ ਮਾਰੀਏ, ਤਾਂ ਭਾਰਤ ਨੂੰ ਵੀ ਉਨ੍ਹਾਂ ਤੋਂ ਸਿੱਖਣਾ ਚਾਹੀਦਾ ਹੈ। ਯੂਰਪ, ਅਮਰੀਕਾ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵਿੱਚ ਪਾਲਤੂ ਜਾਨਵਰਾਂ ਦੀ ਮਾਲਕੀ ਦੇ ਸਖ਼ਤ ਕਾਨੂੰਨ ਲਾਗੂ ਹਨ, ਜਿਸ ਤਹਿਤ ਹਰ ਕੁੱਤੇ ਦੀ ਰਜਿਸਟ੍ਰੇਸ਼ਨ ਲਾਜ਼ਮੀ ਹੈ, ਉਨ੍ਹਾਂ ਦਾ ਨਿਯਮਿਤ ਤੌਰ 'ਤੇ ਟੀਕਾਕਰਨ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਨੂੰ ਖੁੱਲ੍ਹੇ ਵਿੱਚ ਛੱਡਣ 'ਤੇ ਜ਼ੁਰਮਾਨੇ ਅਤੇ ਸਜ਼ਾ ਦਾ ਪ੍ਰਬੰਧ ਹੈ। ਦੂਜੇ ਪਾਸੇ, ਭੋਜਨ ਦੀ ਰਹਿੰਦ-ਖੂੰਹਦ ਦੇ ਪ੍ਰਬੰਧਨ ਦੇ ਸਖ਼ਤ ਨਿਯਮਾਂ ਨੇ ਇਨ੍ਹਾਂ ਦੇਸ਼ਾਂ ਵਿੱਚ ਕੁੱਤਿਆਂ ਅਤੇ ਹੋਰ ਜਾਨਵਰਾਂ ਲਈ ਉਪਲਬਧ ਖੁੱਲ੍ਹੇ ਭੋਜਨ ਨੂੰ ਲਗਭਗ ਖ਼ਤਮ ਕਰ ਦਿੱਤਾ ਹੈ।

ਨਤੀਜਾ ਇਹ ਹੋਇਆ ਕਿ ਸੜਕਾਂ 'ਤੇ ਆਵਾਰਾ ਕੁੱਤਿਆਂ ਦੀ ਗਿਣਤੀ ਕਾਬੂ ਵਿੱਚ ਰਹੀ ਅਤੇ ਨਾਗਰਿਕ ਜੀਵਨ ਸੁਰੱਖਿਅਤ ਰਿਹਾ। ਭਾਰਤ ਨੂੰ ਵੀ ਇਨ੍ਹਾਂ ਅੰਤਰਰਾਸ਼ਟਰੀ ਮਾਡਲਾਂ ਤੋਂ ਪ੍ਰੇਰਨਾ ਲੈਣੀ ਪਵੇਗੀ ਅਤੇ ਅਜਿਹੇ ਕਾਨੂੰਨਾਂ ਅਤੇ ਨੀਤੀਆਂ ਨੂੰ ਲਾਗੂ ਕਰਨਾ ਪਵੇਗਾ ਤਾਂ ਜੋ ਕੁੱਤਿਆਂ ਦੀ ਵਧਦੀ ਆਬਾਦੀ ਨੂੰ ਕੰਟਰੋਲ ਕੀਤਾ ਜਾ ਸਕੇ। ਸਿੰਗਾਪੁਰ ਅਤੇ ਜਰਮਨੀ ਵਰਗੇ ਵਿਕਸਤ ਦੇਸ਼ਾਂ ਨੇ ਸਖ਼ਤ 'ਪੈੱਟ-ਲਾਅ' ਅਤੇ ਭੋਜਨ ਦੀ ਰਹਿੰਦ-ਖੂੰਹਦ ਪ੍ਰਬੰਧਨ ਨੂੰ ਲਾਗੂ ਕਰਕੇ ਆਵਾਰਾ ਕੁੱਤਿਆਂ ਦੀ ਗਿਣਤੀ ਨੂੰ ਕੰਟਰੋਲ ਕੀਤੀ ਹੈ।

ਹੁਣ ਜੇਕਰ ਅਸੀਂ ਭਾਰਤ ਵਿੱਚ ਕੁੱਤਿਆਂ ਦੇ ਵੱਢਣ ਦੇ ਮਾਮਲਿਆਂ ਦੀ ਗੱਲ ਕਰੀਏ ਤਾਂ ਇੱਥੇ ਮਨੁੱਖੀ ਜੀਵਨ ਦਾਅ 'ਤੇ ਲੱਗਿਆ ਹੋਇਆ ਹੈ ਅਤੇ ਮਨੁੱਖੀ ਅਧਿਕਾਰਾਂ ਦੀ ਗੰਭੀਰ ਉਲੰਘਣਾ ਹੋ ਰਹੀ ਹੈ। ਭਾਰਤ ਦੇ ਰਾਸ਼ਟਰੀ ਸਿਹਤ ਪੋਰਟਲ ਅਨੁਸਾਰ, ਭਾਰਤ ਵਿੱਚ ਹਰ ਸਾਲ ਲਗਭਗ 1.5 ਤੋਂ 2 ਕਰੋੜ ਲੋਕ ਕੁੱਤਿਆਂ ਦੇ ਵੱਢਣ ਦਾ ਸ਼ਿਕਾਰ ਹੁੰਦੇ ਹਨ।

ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਦਰਸਾਉਂਦੀ ਹੈ ਕਿ ਦੁਨੀਆ ਵਿੱਚ ਰੈਬੀਜ਼ ਕਾਰਨ ਹੋਣ ਵਾਲੀਆਂ ਕੁੱਲ ਮੌਤਾਂ ਵਿੱਚੋਂ ਲਗਭਗ 36 ਫ਼ੀਸਦੀ ਇੱਕਲੇ ਭਾਰਤ ਵਿੱਚ ਹੁੰਦੀਆਂ ਹਨ। ਹਰ ਸਾਲ ਇੱਥੇ ਲਗਭਗ 18 ਤੋਂ 20 ਹਜ਼ਾਰ ਲੋਕ ਰੈਬੀਜ਼ ਕਾਰਨ ਆਪਣੀਆਂ ਜਾਨਾਂ ਗੁਆ ਦਿੰਦੇ ਹਨ। ਪਿਛਲੇ 5 ਸਾਲਾਂ (2018-2023) ਵਿੱਚ ਭਾਰਤ ਦੇ ਕੁੱਤਿਆਂ ਦੇ ਵੱਢਣ ਦੇ ਇੱਕ ਕਰੋੜ ਤੋਂ ਵੱਧ ਮਾਮਲੇ ਦਰਜ ਕੀਤੇ ਗਏ ਹਨ।

ਇਸ ਦਾ ਸਿੱਧਾ ਅਰਥ ਹੈ ਕਿ ਜਦੋਂ ਤੱਕ ਆਵਾਰਾ ਕੁੱਤਿਆਂ ਦੇ ਨਿਯੰਤਰਣ ਅਤੇ ਟੀਕਾਕਰਨ ਦੀ ਸਖ਼ਤ ਪ੍ਰਣਾਲੀ ਨਹੀਂ ਹੈ, ਉਦੋਂ ਤੱਕ ਨਾਗਰਿਕ ਜੀਵਨ ਸੁਰੱਖਿਅਤ ਨਹੀਂ ਰਹਿ ਸਕਦਾ। ਸੁਪਰੀਮ ਕੋਰਟ ਨੇ ਆਪਣੇ ਹਾਲੀਆ ਹੁਕਮਾਂ ਵਿੱਚ ਇਹ ਵੀ ਸਪੱਸ਼ਟ ਕੀਤਾ ਹੈ ਕਿ ਜਾਨਵਰਾਂ ਦੇ ਅਧਿਕਾਰਾਂ ਅਤੇ ਮਨੁੱਖੀ ਜੀਵਨ ਦੀ ਸੁਰੱਖਿਆ ਵਿਚਕਾਰ ਸੰਤੁਲਨ ਬਣਾਉਣਾ ਜ਼ਰੂਰੀ ਹੈ ਪਰ ਅੰਕੜੇ ਸਪੱਸ਼ਟ ਤੌਰ 'ਤੇ ਦਰਸਾਉਂਦੇ ਕਿ ਮੌਜੂਦਾ ਹਾਲਾਤ ਵਿੱਚ ਜਾਨਵਰਾਂ ਦੀ ਸੁਰੱਖਿਆ ਦੇ ਨਾਂ 'ਤੇ ਮਨੁੱਖੀ ਜੀਵਨ ਭਾਰੀ ਕੀਮਤ ਅਦਾ ਕਰ ਰਿਹਾ ਹੈ।

ਕੁੱਲ ਮਿਲਾ ਕੇ, ਸੁਪਰੀਮ ਕੋਰਟ ਨੇ ਸਰਕਾਰ ਨੂੰ ਸਪੱਸ਼ਟ ਤੌਰ 'ਤੇ ਚਿਤਾਵਨੀ ਦਿੱਤੀ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਭਾਰਤ ਆਪਣੇ ਅੰਤਰਰਾਸ਼ਟਰੀ ਅਕਸ਼ ਨੂੰ ਬਿਹਤਰ ਬਣਾਉਣ ਲਈ ਸਖ਼ਤ ਕਦਮ ਚੁੱਕੇ। ਸਰਕਾਰ ਨੂੰ ਵਿਆਪਕ ਕਾਨੂੰਨਾਂ ਅਤੇ ਠੋਸ ਨੀਤੀਆਂ ਰਾਹੀਂ ਇਸ ਨੂੰ ਉਸੇ ਤਰ੍ਹਾਂ ਕੰਟਰੋਲ ਕਰਨਾ ਚਾਹੀਦਾ ਹੈ ਜਿਵੇਂ ਕਿਸੇ ਮਹਾਮਾਰੀ ਨੂੰ ਕੰਟਰੋਲ ਕੀਤਾ ਜਾਂਦਾ ਹੈ। ਨਾਲ ਹੀ, 'ਡਾਗ ਲਵਰਜ਼' ਨੂੰ ਇਹ ਸਮਝਣਾ ਚਾਹੀਦਾ ਹੈ ਕਿ ਹਰ ਜਗ੍ਹਾਂ ਕੁੱਤਿਆਂ ਨੂੰ ਘਰੇਲੂ ਰਹਿੰਦ-ਖੂੰਹਦ ਜਾਂ ਬਚਿਆ ਹੋਇਆ ਭੋਜਨ ਖੁਆਉਣ ਨਾਲ ਉਨ੍ਹਾਂ ਦੀ ਆਬਾਦੀ ਅਤੇ ਹਮਲਾਵਰਤਾ ਦੋਵਾਂ ਵਿੱਚ ਵਾਧਾ ਹੁੰਦਾ ਹੈ। ਸੁਪਰੀਮ ਕੋਰਟ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਮਨੁੱਖੀ ਜੀਵਨ ਦੀ ਸੁਰੱਖਿਆ ਸਭ ਤੋਂ ਉਪਰ ਹੈ।

**ਲੇਖਕ ਸਾਬਕਾ ਮੈਂਬਰ ਹਿਮਾਚਲ ਪ੍ਰਦੇਸ਼ ਪਬਲਿਕ ਸਰਵਿਸ ਕਮਿਸ਼ਨ ਹੈ।**

**ਨਦੀਨ ਫ਼ਸਲ ਨਾਲ ਬਿਜਾਈ ਤੋਂ ਲੈ ਕੇ ਵਾਢੀ ਤੱਕ ਨਮੀ, ਪੌਸ਼ਟਿਕ ਤੱਤ, ਧੁੱਪ ਤੇ ਥਾਂ ਲਈ ਮੁਕਾਬਲਾ ਕਰਦੇ ਹਨ। ਇਸ ਲਈ ਨਦੀਨਾਂ ਦੇ ਸਹੀ ਸਮੇਂ 'ਤੇ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੈ...**

# ਇੰਜ ਕਰੋ ਤੋਰੀਏ ਦੀ ਸਫ਼ਲ ਕਾਸ਼ਤ



### ਤੋਰੀਏ ਦੀ ਕਟਾਈ ਅਤੇ ਗਹਾਈ

ਸਹੀ ਸਮੇਂ ਤੇ ਬੀਜੀ ਫ਼ਸਲ ਦਸੰਬਰ ਦੇ ਮਹੀਨੇ ਵਿੱਚ ਵੱਢਣ ਲਈ ਤਿਆਰ ਹੋ ਜਾਂਦੀ ਹੈ। ਜਦੋਂ ਫ਼ਲੀਆਂ ਪੀਲੀਆਂ ਭੂਰੀਆਂ ਹੋ ਜਾਣ ਤਾਂ ਫ਼ਸਲ ਦੀ ਕਟਾਈ ਕਰੋ। ਕਟਾਈ ਤੋਂ ਬਾਅਦ ਫ਼ਸਲ ਦਾ 7-10 ਦਿਨ ਤੱਕ ਢੇਰ ਬਣਾ ਕੇ ਰੱਖੋ ਤੇ ਗਹਾਈ ਲਈ ਕਿੱਲੀਆਂ ਵਾਲਾ ਕਣਕ ਦਾ ਥਰੈਸ਼ਰ, ਕੁਝ ਫੇਰ-ਬਦਲ ਕਰਕੇ ਵਰਤੋਂ।

ਅਮਨਦੀਪ ਕੌਰ, ਗੁਰਬੀਰ ਕੌਰ
ਮੋ. 78892-94391

ਅੱਜ ਦੇ ਸਮੇਂ ਦੀ ਲੋੜ ਹੈ ਕਿ ਕਣਕ-ਝੋਨੇ ਦੇ ਫ਼ਸਲੀ ਚੱਕਰ ਹੇਠੋਂ ਕੁਝ ਰਕਬਾ ਘਟਾ ਕੇ ਹੋਰ ਫ਼ਸਲਾਂ ਹੇਠ ਵਧਾਇਆ ਜਾਵੇ ਤਾਂ ਜੋ ਕਿਸਾਨ ਦੀ ਆਮਦਨ ਵਿੱਚ ਵਾਧਾ ਹੋਵੇ ਤੇ ਵਾਤਾਵਰਨ ਸੰਬੰਧੀ ਸਮੱਸਿਆਵਾਂ ਦਾ ਵੀ ਹੱਲ ਹੋਵੇ। ਇਸੇ ਤਰ੍ਹਾਂ ਤੋਰੀਆ ਹਾੜੀ ਰੁੱਤੇ ਬੀਜੀਆਂ ਜਾਣ ਵਾਲੀਆਂ ਤੇਲਬੀਜ ਫ਼ਸਲਾਂ ਵਿੱਚ ਇੱਕ ਲਾਹੇਵੰਦ ਫ਼ਸਲ ਹੈ, ਜੋ ਕਿ ਫ਼ਸਲੀ ਵਿਭਿੰਨਤਾ ਵਿੱਚ ਅਹਿਮ ਯੋਗਦਾਨ ਪਾ ਸਕਦੀ ਹੈ। ਇਸ ਨੂੰ ਪਸ਼ੂਆਂ ਦੀ ਫੀਡ, ਭੋਜਨ ਤੇ ਚਾਰੇ ਤੋਂ ਇਲਾਵਾ ਤੇਲ ਅਤੇ ਖਾਦ ਵਜੋਂ ਵਰਤਿਆ ਜਾਂਦਾ ਹੈ। ਤੋਰੀਏ ਦੀ ਫ਼ਸਲ ਤੋਂ ਵਧੇਰੇ ਝਾੜ ਲੈਣ ਲਈ ਕਿਸਾਨਾਂ ਨੂੰ ਹੇਠ ਲਿਖੀਆਂ ਖੇਤੀ ਵਿਗਿਆਨਿਕ ਵਿਧੀਆਂ ਅਪਣਾਉਣੀਆਂ ਚਾਹੀਦੀਆਂ ਹਨ।

### ਜ਼ਮੀਨ ਦੀ ਚੋਣ ਤੇ ਖੇਤ ਦੀ ਤਿਆਰੀ

ਤੋਰੀਏ ਦੀ ਭਰਪੂਰ ਫ਼ਸਲ ਲੈਣ ਲਈ ਚੰਗੇ ਜਲ ਨਿਕਾਸ ਵਾਲੀ ਹਲਕੀ ਮੈਰਾ ਅਤੇ ਦਰਮਿਆਨੀ ਤੇ ਭਾਰੀ ਜ਼ਮੀਨ ਬਹੁਤ ਅਨੁਕੂਲ ਹੈ। ਫ਼ਸਲ ਦੀ ਵਧੀਆ ਕਾਸ਼ਤ ਲਈ ਖੇਤ ਦੀ ਤਿਆਰੀ ਕਰਨੀ ਬਹੁਤ ਜ਼ਰੂਰੀ ਹੈ। ਖੇਤ ਨੂੰ 2 ਤੋਂ 4 ਵਾਰ ਵਾਹੁਣਾ ਚਾਹੀਦਾ ਹੈ ਤੇ ਵਾਹੀ ਤੋਂ ਬਾਅਦ ਸੁਹਾਗਾ ਜ਼ਰੂਰ ਕਰਨਾ ਚਾਹੀਦਾ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲ ਸਿਫ਼ਾਰਸ਼ ਕਿਸਮਾਂ ਟੀ. ਐੱਲ. 17 (90 ਦਿਨ ਪੱਕਣ ਲਈ ਤੇ ਔਸਤਨ ਝਾੜ 5.2 ਕੁਇੰਟਲ ਪ੍ਰਤੀ ਏਕੜ) ਅਤੇ ਟੀ. ਐੱਲ. 15 (88 ਦਿਨ ਪੱਕਣ ਲਈ ਤੇ ਔਸਤਨ ਝਾੜ 4.5 ਕੁਇੰਟਲ ਪ੍ਰਤੀ ਏਕੜ) ਦੀ ਵਰਤੋਂ ਕਰੋ।

### ਖਾਦ-ਖ਼ੁਰਾਕ, ਪਾਣੀ ਅਤੇ ਨਦੀਨ ਪ੍ਰਬੰਧਨ

ਖੇਤੀ ਲਾਗਤਾਂ ਘਟਾਉਣ ਲਈ ਖਾਦਾਂ ਦੀ ਵਰਤੋਂ ਮਿੱਟੀ ਪਰਖ ਦੀ ਰਿਪੋਰਟ ਅਨੁਸਾਰ ਕਰੋ। ਜੇਕਰ ਮਿੱਟੀ ਦੀ ਪਰਖ ਨਹੀਂ ਕਰਵਾਈ ਤਾਂ ਦਰਮਿਆਨੀ ਉਪਜਾਊ ਸ਼ਕਤੀ ਵਾਲੀ ਜ਼ਮੀਨ ਦੇ ਹਿਸਾਬ ਨਾਲ ਫ਼ਸਲ ਨੂੰ 25 ਕਿਲੋ ਨਾਈਟ੍ਰੋਜਨ (55 ਕਿਲੋ ਯੂਰੀਆ) ਤੇ 8 ਕਿਲੋ ਫ਼ਾਸਫ਼ੋਰਸ (50 ਕਿਲੋ ਸੁਪਰਫ਼ਾਸਫ਼ੇਟ) ਪ੍ਰਤੀ ਏਕੜ ਪਾਉ। ਸੇਜੂ ਵਾਲੀ ਹਾਲਤ ਵਿੱਚ ਦੋਵੇਂ ਖਾਦਾਂ ਬਿਜਾਈ ਸਮੇਂ ਪਾਉ। ਫ਼ਾਸਫ਼ੋਰਸ ਤੱਤ ਲਈ ਸਿੰਗਲ ਸੁਪਰਫ਼ਾਸਫ਼ੇਟ ਖਾਦ ਨੂੰ ਤਰਜੀਹ ਦਿਉ, ਕਿਉਂਕਿ ਇਸ ਵਿੱਚ ਗੰਧਕ ਵੀ ਹੁੰਦਾ ਹੈ, ਜੋ ਕਿ ਤੇਲ ਬੀਜ ਫ਼ਸਲ ਲਈ ਜ਼ਰੂਰੀ ਹੁੰਦਾ ਹੈ। ਭਰਵੀਂ ਰੌਣੀ ਤੋਂ ਬਾਅਦ ਤੋਰੀਏ ਦੀ ਬਿਜਾਈ ਕਰੋ ਅਤੇ ਲੋੜ ਅਨੁਸਾਰ ਫੁੱਲ ਪੈਣ ਸਮੇਂ ਇੱਕ ਪਾਣੀ ਦਿਉ। ਨਦੀਨ ਫ਼ਸਲ ਨਾਲ ਬਿਜਾਈ ਤੋਂ ਲੈ ਕੇ ਵੱਢਣ ਤੱਕ ਨਮੀ ਪੌਸ਼ਟਿਕ ਤੱਤ, ਧੁੱਪ ਅਤੇ ਜਗ੍ਹਾ ਆਦਿ ਲਈ ਮੁਕਾਬਲਾ ਕਰਦੇ ਹਨ। ਸੋ, ਨਦੀਨਾਂ ਦੀ ਸਹੀ ਸਮੇਂ 'ਤੇ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੈ। ਤੋਰੀਏ ਵਿੱਚ ਨਦੀਨਾਂ ਨੂੰ ਬਿਜਾਈ ਤੋਂ 3 ਹਫ਼ਤੇ ਬਾਅਦ ਗੋਡੀ ਕਰਕੇ ਕਾਬੂ ਕੀਤਾ ਜਾ ਸਕਦਾ ਹੈ।

### ਸਮਾਂ, ਬੀਜ ਦੀ ਮਾਤਰਾ ਅਤੇ ਬਿਜਾਈ ਕਰਨ ਦੇ ਤਰੀਕੇ...

ਪੂਰਾ ਝਾੜ ਲੈਣ ਲਈ ਤੋਰੀਏ ਦੀ ਬਿਜਾਈ 1-30 ਸਤੰਬਰ ਤੱਕ ਕੀਤੀ ਜਾ ਸਕਦੀ ਹੈ। ਫ਼ਸਲ ਦੀ ਵਧੀਆ ਕਾਸ਼ਤ ਲਈ 1.5 ਕਿਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋਂ। ਜੇਕਰ ਖੇਤ ਵਿੱਚ ਨਮੀ ਘੱਟ ਹੋਵੇ ਤਾਂ ਬਿਜਾਈ ਤੋਂ ਇੱਕ ਰਾਤ ਪਹਿਲਾਂ ਬੀਜ ਨੂੰ ਗਿੱਲੀ ਮਿੱਟੀ ਵਿੱਚ ਮਿਲਾ ਕੇ ਰੱਖੋ। ਤੋਰੀਏ ਦੀ ਬਿਜਾਈ ਲਈ ਕਤਾਰ ਤੋਂ ਕਤਾਰ ਦਾ ਫ਼ਾਸਲਾ 30° ਸੈਂਟੀਮੀਟਰ ਰੱਖੋ ਅਤੇ ਬੀਜ ਦੀ ਡੂੰਘਾਈ 4-5 ਸੈਂਟੀਮੀਟਰ ਰੱਖੋ। ਬੀਜ ਦੀ ਖੇਤ ਵਿੱਚ ਇਕਸਾਰ ਅਤੇ ਸਹੀ ਵੰਡ ਲਈ ਤੋਰੀਏ ਦੀ ਬਿਜਾਈ ਤੇਲਬੀਜ ਡਰਿੱਲ ਨਾਲ ਵੀ ਕੀਤੀ ਜਾ ਸਕਦੀ ਹੈ। ਬਿਜਾਈ ਤੋਂ 3 ਹਫ਼ਤੇ ਬਾਅਦ ਫ਼ਸਲ ਨੂੰ ਵਿਰਲਾ ਕਰੋ ਤਾਂ ਜੋ ਬੂਟੇ ਤੋਂ ਬੂਟੇ ਵਿਚਕਾਰ ਸਿਫਾਰਸ਼ ਕੀਤਾ ਫ਼ਾਸਲਾ 10-15 ਸੈਂਟੀਮੀਟਰ ਰੱਖਿਆ ਜਾ ਸਕੇ।

### ਕੀੜੇ-ਮਕੌੜਿਆਂ ਦੀ ਰੋਕਥਾਮ

ਤੋਰੀਏ ਵਿੱਚ ਆਮ ਤੌਰ 'ਤੇ ਚਿਤਕਬਰੀ ਭੂੰਡੀ ਦਾ ਹਮਲਾ ਫ਼ਸਲ ਦੇ ਪੁੰਗਰਨ ਸਮੇਂ (ਅਕਤੂਬਰ ਦੇ ਮਹੀਨੇ) ਅਤੇ ਪੱਕਣ ਸਮੇਂ (ਮਾਰਚ/ਅਪ੍ਰੈਲ ਦੇ ਮਹੀਨੇ) ਜ਼ਿਆਦਾ ਹੁੰਦਾ ਹੈ। ਇਸ ਭੂੰਡੀ ਦੇ ਛੋਟੇ ਅਤੇ ਬਾਲਗ ਕੀੜੇ ਪੱਤਿਆਂ ਅਤੇ ਫਲੀਆਂ ਵਿੱਚ ਰਸ ਚੂਸਦੇ ਹਨ, ਜਿਸ ਨਾਲ ਪੱਤੇ ਤੇ ਫ਼ਲੀਆਂ ਸੁੱਕ ਜਾਂਦੀਆਂ ਹਨ। ਇਸ ਦੇ ਹਮਲੇ ਨੂੰ ਘਟਾਉਣ ਲਈ ਪਹਿਲਾ ਪਾਣੀ ਬਿਜਾਈ ਤੋਂ 3-4 ਹਫ਼ਤੇ ਬਾਅਦ ਲਾਓ। ਸਲੇਟੀ ਸੁੰਡੀ ਫ਼ਸਲ ਦੀ ਛੋਟੀ ਅਵਸਥਾ 'ਤੇ ਹਮਲਾ ਕਰਦੀ ਹੈ ਅਤੇ ਪੱਤੇ ਖਾ ਕੇ ਮੋਰੀਆਂ ਕਰ ਦਿੰਦੀ ਹੈ। ਜੇ ਇਸ ਦੀ ਗਿਣਤੀ ਜ਼ਿਆਦਾ ਹੋਵੇ ਤਾਂ ਸਾਰੇ ਪੱਤੇ ਹੀ ਖਾ ਜਾਂਦੀ ਹੈ। ਇਸਦੀ ਰੋਕਥਾਮ ਲਈ ਏਕਾਲਕਸ 25 ਈ. ਸੀ. (ਕੁਇਨਲਫਾਸ) 250 ਮਿਲੀਲਿਟਰ ਪ੍ਰਤੀ ਏਕੜ ਨੂੰ 60 ਤੋਂ 80 ਲਿਟਰ ਪਾਣੀ ਵਿੱਚ ਘੋਲ ਕੇ ਸਪਰੇਅ ਕਰੋ। ਪੱਤੇ ਦੇ ਸੁਰੰਗੀ ਕੀੜੇ ਦੀਆਂ ਸੁੰਡੀਆਂ ਪੱਤੇ ਵਿੱਚ ਸੁਰੰਗਾਂ ਬਣਾ ਕੇ ਬਹੁਤ ਨੁਕਸਾਨ ਕਰਦੇ ਹਨ। ਇਸਦੀ ਰੋਕਥਾਮ ਲਈ ਰੋਗਰ 30 ਈ. ਸੀ. (ਡਾਈਮੈਥੋਏਟ) 400 ਮਿਲੀਲਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਜਾਂ ਦਾਣੇਦਾਰ ਕੀਟਨਾਸ਼ਕ 13 ਕਿਲੋ ਫਿਊਰਾਡਾਨ 3 ਜੀ ਪ੍ਰਤੀ ਏਕੜ ਦਾ ਛੱਟਾ ਮਾਰ ਕੇ ਹਲਕੀ ਸਿੰਚਾਈ ਕਰੋ।

ਵਾਲਾਂ ਵਾਲੀ ਸੁੰਡੀ ਜਾਂ ਕੁਤਰਾ ਅਤੇ ਬੰਦ ਗੋਭੀ ਦੀ ਸੁੰਡੀ ਪੱਤਿਆਂ, ਨਰਮ ਕਰੂੰਬਲਾਂ ਅਤੇ ਹਰੀਆਂ ਫਲੀਆਂ ਤੇ ਹਮਲਾ ਕਰਦੀ ਹੈ। ਛੋਟੀ ਉਮਰ ਵਿੱਚ ਸੁੰਡੀਆਂ ਝੁੰਡਾਂ ਵਿੱਚ ਬੂਟੇ ਨੂੰ ਖਾਂਦੀਆਂ ਹਨ ਅਤੇ ਵੱਡੀਆਂ ਹੋ ਕੇ ਇੱਕ ਖੇਤ ਤੋਂ ਦੂਜੇ ਖੇਤ ਵਿੱਚ ਚਲੀਆਂ ਜਾਂਦੀਆਂ ਹਨ। ਸੁੰਡੀ ਦੇ ਹਮਲੇ ਵਾਲੇ ਪੱਤਿਆਂ ਨੂੰ (ਜਿਨ੍ਹਾਂ ਤੇ ਇਹ ਸੁੰਡੀਆਂ ਝੁੰਡਾਂ ਵਿੱਚ ਹੁੰਦੀਆਂ ਹਨ) ਤੋੜ ਕੇ ਨਸ਼ਟ ਕਰ ਦਿਉ।

ਚੇਪੇ ਦਾ ਵਾਧਾ ਆਮ ਤੌਰ ਤੇ ਠੰਢੇ ਅਤੇ ਬੱਦਲਵਾਈ ਵਾਲੇ ਮੌਸਮ ਵਿੱਚ ਹੁੰਦਾ ਹੈ। ਇਹ ਕੀੜਾ ਬੂਟਿਆਂ ਵਿੱਚੋਂ ਰਸ ਚੂਸਦਾ ਹੈ। ਇਸ ਕਰਕੇ ਬੂਟੇ ਮਧਰੇ ਰਹਿ ਜਾਂਦੇ ਹਨ, ਫਲੀਆਂ ਜੁੜ ਜਾਂਦੀਆਂ ਹਨ ਅਤੇ ਬੀਜ ਨਹੀਂ ਬਣਦੇ। ਇਸ ਦੇ ਨਾਲ ਹੀ ਇਹ ਵੀ ਧਿਆਨ ਵਿੱਚ ਰੱਖਿਆ ਜਾਵੇ ਕਿ ਜਦੋਂ 40-50 ਪ੍ਰਤੀਸ਼ਤ ਬੂਟਿਆਂ ਤੇ ਚੇਪਾ ਨਜ਼ਰ ਆਵੇ ਤਾਂ ਐਕਟਾਰਾ 25 ਡਬਲਯੂ ਜੀ (ਥਾਇਆਮੈਥੋਕਸਮ) 40 ਗ੍ਰਾਮ ਜਾਂ ਮੈਟਾਸਿਸਟਾਕਸ 25 ਈ. ਸੀ. (ਔਕਸੀਡੈਮੀਟੋਨ ਮੀਥਾਈਲ) 400 ਮਿਲੀਲਿਟਰ ਜਾਂ ਰੋਗਰ 30 ਈ ਸੀ (ਡਾਈਮੈਥੋਏਟ) 400 ਮਿਲੀਲਿਟਰ ਜਾਂ ਡਰਸਥਾਨ/ਕੋਰੋਬਾਨ 20 ਈ. ਸੀ. (ਕਲੋਰਪਾਈਰੀਫਾਸ) 600 ਮਿਲੀਲਿਟਰ ਨੂੰ 80 ਤੋਂ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਸਪਰੇਅ ਕਰੋ। ਕੀਟਨਾਸ਼ਕਾਂ ਦਾ ਛਿੜਕਾਅ ਦੁਪਹਿਰ ਤੋਂ ਬਾਅਦ ਹੀ ਕਰਨਾ ਚਾਹੀਦਾ ਹੈ। ਇਸ ਸਮੇਂ ਪ੍ਰਾਗਣ ਕਿਰਿਆ ਕਰਨ ਵਾਲੇ ਕੀੜੇ-ਮਕੌੜੇ ਘੱਟ ਹਰਕਤ ਵਿੱਚ ਹੁੰਦੇ ਹਨ।

### ਬਿਮਾਰੀਆਂ ਦੀ ਰੋਕਥਾਮ

ਝੁਲਸ ਰੋਗ ਨਾਲ ਪੱਤਿਆਂ, ਫ਼ਲੀਆਂ ਅਤੇ ਤਣੇ ਦੇ ਭੂਰੇ ਤੇ ਕਾਲੇ ਰੰਗ ਦੇ ਗੋਲ ਧੱਬੇ ਪੈ ਜਾਂਦੇ ਹਨ। ਇਸ ਬਿਮਾਰੀ ਦੇ ਵਧੇਰੇ ਹਮਲੇ ਨਾਲ ਤਣੇ ਦਾ ਉਪਰਲਾ ਹਿੱਸਾ ਅਤੇ ਫ਼ਲੀਆਂ ਝੜ ਜਾਂਦੀਆਂ ਹਨ। ਇਸ ਰੋਗ ਨੂੰ ਰੋਕਣ ਲਈ ਪਹਿਲੀ ਫ਼ਸਲ ਦੇ ਮੁੱਢਾਂ ਨੂੰ ਇਕੱਠੇ ਕਰਕੇ ਨਸ਼ਟ ਕਰ ਦਿਉ।

ਪੀਲੇ ਧੱਬਿਆਂ ਦਾ ਰੋਗ ਜੜ੍ਹਾਂ ਨੂੰ ਛੱਡ ਕੇ ਬਾਕੀ ਸਾਰੇ ਬੂਟੇ ਤੇ ਹਮਲਾ ਕਰਦਾ ਹੈ। ਇਸ ਬਿਮਾਰੀ ਦਾ ਵਧੇਰੇ ਹਮਲਾ ਪੱਤਿਆਂ ਅਤੇ ਫ਼ਲੀਆਂ ਉੱਪਰ ਹੁੰਦਾ ਹੈ। ਪੱਤਿਆਂ ਦੇ ਹੇਠਲੇ ਪਾਸੇ ਛੋਟੇ-ਛੋਟੇ ਹਲਕੇ ਹਰੇ-ਪੀਲੇ ਰੰਗ ਦੇ ਧੱਬੇ ਪੈ ਜਾਂਦੇ ਹਨ, ਜਿਹੜੇ ਕਿ ਬਾਅਦ ਵਿੱਚ ਵੱਡੇ ਹੋ ਜਾਂਦੇ ਹਨ ਅਤੇ ਇਨ੍ਹਾਂ ਦੀ ਗਿਣਤੀ ਵੀ ਵੱਧ ਜਾਂਦੀ ਹੈ। ਪੱਤੇ ਸੁੱਕ ਜਾਂਦੇ ਹਨ ਅਤੇ ਤਣੇ ਬੇ ਸ਼ਕਲ ਹੋ ਜਾਂਦੇ ਹਨ। ਇਸ ਬਿਮਾਰੀ ਤੋਂ ਬਚਾਅ ਲਈ ਪਹਿਲੀ ਫ਼ਸਲ ਦੇ ਮੁੱਢਾਂ ਨੂੰ ਇਕੱਠੇ ਕਰਕੇ ਨਸ਼ਟ ਕਰ ਦਿਉ।

ਚਿੱਟੀ ਕੁੰਗੀ ਨਾਲ ਪੱਤਿਆਂ ਦੀ ਹੇਠਲੀ ਸਤ੍ਹਾ ਉੱਪਰ ਚਿੱਟੇ ਜਾਂ ਬਦਾਮੀ ਰੰਗ ਦੇ ਦਾਣੇ ਬਣ ਜਾਂਦੇ ਹਨ। ਬਿਮਾਰੀ ਦੇ ਹਮਲੇ ਵਾਲੇ ਹਿੱਸੇ ਫੁੱਲ ਜਾਂਦੇ ਹਨ, ਫੁੱਲਾਂ ਦੀ ਸ਼ਕਲ ਵਿਗੜ ਜਾਂਦੀ ਹੈ ਅਤੇ ਫ਼ਲੀਆਂ ਵਿੱਚ ਬੀਜ ਨਹੀਂ ਹੁੰਦੇ। ਇਹ ਬਿਮਾਰੀ ਜੜ੍ਹਾਂ ਨੂੰ ਛੱਡ ਕੇ ਬਾਕੀ ਸਾਰੇ ਬੂਟੇ ਤੇ ਹਮਲਾ ਕਰਦੀ ਹੈ। ਇਸ ਬਿਮਾਰੀ ਦੀ ਰੋਕਥਾਮ ਲਈ ਰਿਡੋਮਿਲ ਗੋਲਡ (ਮੈਟਾਲੈਕਸਿਲ 4 ਫ਼ੀਸਦੀ ਤੋਂ ਜ਼ਿਆਦਾ ਮੈਂਕੋਜ਼ੇਬ 64 ਫ਼ੀਸਦੀ) 250 ਗ੍ਰਾਮ ਪ੍ਰਤੀ ਏਕੜ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਬਿਜਾਈ ਤੋਂ 60 ਅਤੇ 80 ਦਿਨਾਂ ਬਾਅਦ ਸਪਰੇਅ ਕਰੋ। ਲੋੜ ਪੈਣ ਤੇ 20 ਦਿਨਾਂ ਬਾਅਦ ਦੁਬਾਰਾ ਸਪਰੇਅ ਕਰੋ।

ਵਿਸ਼ਾਣੂ ਰੋਗ ਦੇ ਹਮਲੇ ਨਾਲ ਬੂਟੇ ਝਾੜੀ ਦੀ ਤਰ੍ਹਾਂ ਬਣ ਜਾਂਦੇ ਹਨ ਅਤੇ ਫੁੱਲਾਂ ਦੀ ਥਾਂ ਛੋਟੀਆਂ-ਛੋਟੀਆਂ ਹਰੀਆਂ ਪੱਤੀਆਂ ਬਣ ਜਾਂਦੀਆਂ ਹਨ। ਇਸ ਰੋਗ ਨੂੰ ਰੋਕਣ ਲਈ ਅਗੇਤੀ ਬਿਜਾਈ ਨਾ ਕਰੋ। ਬਿਮਾਰੀ ਵਾਲੇ ਬੂਟੇ ਖੇਤ ਵਿੱਚੋਂ ਪੁੱਟ ਕੇ ਦੱਬ ਦਿਉ। ਇਸ ਬਿਮਾਰੀ ਨੂੰ ਫੈਲਣ ਤੋਂ ਰੋਕਣ ਲਈ ਪਹਿਲੀ ਫ਼ਸਲ ਦੇ ਮੁੱਢਾਂ ਨੂੰ ਇਕੱਠੇ ਕਰਕੇ ਨਸ਼ਟ ਕਰ ਦਿਉ।

# ਹਰ ਸਾਲ 92,000 ਕਰੋੜ ਰੁਪਏ ਦਾ ਭੋਜਨ ਹੁੰਦਾ ਹੈ ਬਰਬਾਦ, ਭੁੱਖਮਰੀ ਨਾਲ ਜੂਝ ਰਹੇ ਕਰੋੜਾਂ ਲੋਕ

ਭਾਰਤ ਵਿੱਚ ਭੋਜਨ ਦੀ ਬਰਬਾਦੀ ਤੇ ਭੁੱਖਮਰੀ ਦਾ ਵਿਰੋਧਾਭਾਸ ਡੂੰਘੀ ਚਿੰਤਾ ਦਾ ਵਿਸ਼ਾ ਹੈ। ਇੱਕ ਪਾਸੇ ਹਰ ਸਾਲ ਲਗਭਗ 92,000 ਕਰੋੜ ਰੁਪਏ ਦਾ ਭੋਜਨ ਬਰਬਾਦ ਹੋ ਜਾਂਦਾ ਹੈ, ਜਦੋਂ ਕਿ ਦੂਜੇ ਪਾਸੇ 19 ਕਰੋੜ ਲੋਕ ਅਜਿਹੇ ਹਨ ਜਿਨ੍ਹਾਂ ਨੂੰ ਦਿਨ ਵਿੱਚ ਤਿੰਨ ਵਾਰ ਖਾਣਾ ਵੀ ਨਹੀਂ ਮਿਲਦਾ। ਸੰਯੁਕਤ ਰਾਸ਼ਟਰ ਦੀ ਰਿਪੋਰਟ ਦਰਸਾਉਂਦੀ ਹੈ ਕਿ ਭਾਰਤ ਵਿੱਚ ਹਰ ਵਿਅਕਤੀ ਸਾਲਾਨਾ ਔਸਤਨ 25 ਕਿਲੋਗ੍ਰਾਮ ਭੋਜਨ ਬਰਬਾਦ ਕਰਦਾ ਹੈ। ਇਸ ਵਿੱਚੋਂ 60 ਫ਼ੀਸਦੀ ਘਰਾਂ ਵਿੱਚ, 12 ਫ਼ੀਸਦੀ ਪ੍ਰਚੂਨ ਪੱਧਰ 'ਤੇ ਅਤੇ 28 ਫ਼ੀਸਦੀ ਰੈਸਟੋਰੈਂਟਾਂ ਵਿੱਚ ਬਰਬਾਦ ਹੁੰਦਾ ਹੈ। ਇਹ ਅੰਕੜਾ ਵਿਆਹਾਂ ਤੇ ਹੋਰ ਸਮਾਜਿਕ ਸਮਾਗਮਾਂ ਵਿੱਚ 50 ਫ਼ੀਸਦੀ ਤੱਕ ਪਹੁੰਚਦਾ ਹੈ। ਅੰਦਾਜ਼ਾ ਲਗਾਇਆ ਗਿਆ ਹੈ ਕਿ ਦੇਸ਼ ਵਿੱਚ ਹਰ ਸਾਲ 7.81 ਕਰੋੜ ਟਨ ਅਨਾਜ ਬਰਬਾਦ ਹੁੰਦਾ ਹੈ। ਭੋਜਨ ਦੀ ਇੰਨੀ ਵੱਡੀ ਬਰਬਾਦੀ ਦੇ ਵਿਚਕਾਰ ਗਲੋਬਲ ਹੰਗਰ ਇੰਡੈਕਸ ਵਿੱਚ ਭਾਰਤ ਦੀ ਸਥਿਤੀ ਬਹੁਤ ਚਿੰਤਾਜਨਕ ਹੈ। ਭਾਰਤ 127 ਦੇਸ਼ਾਂ ਦੀ ਸੂਚੀ ਵਿੱਚ 105ਵੇਂ ਸਥਾਨ 'ਤੇ ਹੈ। ਇਹ ਸਥਿਤੀ ਸਪੱਸ਼ਟ ਕਰਦੀ ਹੈ ਕਿ ਇੱਕ ਪਾਸੇ ਸਰੋਤਾਂ ਦੀ ਦੁਰਵਰਤੋਂ ਹੋ ਰਹੀ ਹੈ, ਦੂਜੇ ਪਾਸੇ ਲੱਖਾਂ ਲੋਕ ਕੁਪੋਸ਼ਣ ਤੇ ਭੁੱਖਮਰੀ ਦਾ ਸ਼ਿਕਾਰ ਹਨ। ਸਮੱਸਿਆ ਦੀ ਗੰਭੀਰਤਾ ਨੂੰ ਦੇਖਦੇ ਹੋਏ ਸੰਸਦ ਵਿੱਚ ਵੀ ਇਸ ਮੁੱਦੇ 'ਤੇ ਆਵਾਜ਼ ਉਠਾਈ ਗਈ ਹੈ। ਹਾਲ ਹੀ ਵਿੱਚ



ਵਿਆਹਾਂ ਅਤੇ ਹੋਰ ਸਮਾਗਮਾਂ ਵਿੱਚ ਭੋਜਨ ਦੀ ਬਹੁਤ ਜ਼ਿਆਦਾ ਬਰਬਾਦੀ ਨੂੰ ਰੋਕਣ ਲਈ ਲੋਕ ਸਭਾ ਵਿੱਚ ਇੱਕ ਨਿੱਜੀ ਬਿੱਲ ਪੇਸ਼ ਕੀਤਾ ਗਿਆ ਸੀ। ਇਸ ਵਿੱਚ ਸੁਝਾਅ ਦਿੱਤਾ ਗਿਆ ਸੀ ਕਿ ਵਿਆਹਾਂ ਤੋਂ ਵੱਡੇ ਸਮਾਗਮਾਂ ਵਿੱਚ ਮਹਿਮਾਨਾਂ ਦੀ ਗਿਣਤੀ ਤੇ ਪਰੋਸੇ ਜਾਣ ਵਾਲੇ ਪਕਵਾਨਾਂ 'ਤੇ ਇੱਕ ਸੀਮਾ ਨਿਰਧਾਰਤ ਕੀਤੀ ਜਾਵੇ। ਇਸਦਾ ਉਦੇਸ਼ ਇਹ ਸੀ ਕਿ ਵਾਧੂ ਭੋਜਨ ਨੂੰ ਬੇਲੋੜਾ ਬਰਬਾਦ ਨਾ ਕੀਤਾ ਜਾਵੇ, ਸਗੋਂ ਇਸਨੂੰ ਸੁਰੱਖਿਅਤ ਰੱਖਿਆ ਜਾ ਸਕੇ ਤੇ ਲੋੜਵੰਦਾਂ ਤੱਕ ਪਹੁੰਚਾਇਆ ਜਾ ਸਕੇ। ਸਦਨ ਦੇ ਕਈ ਸੰਸਦ ਮੈਂਬਰਾਂ ਨੇ ਕਈ ਵਾਰ ਇਹ ਵੀ ਮੰਗ ਕੀਤੀ ਹੈ ਕਿ ਰੈਸਟੋਰੈਂਟ ਤੇ ਕੇਟਰਿੰਗ ਸੰਸਥਾਵਾਂ ਬਚੇ ਹੋਏ ਭੋਜਨ ਨੂੰ ਫੂਡ ਬੈਂਕਾਂ ਜਾਂ ਸਮਾਜਿਕ ਸੰਗਠਨਾਂ ਨੂੰ ਲਾਜ਼ਮੀ ਤੌਰ 'ਤੇ ਦਾਨ ਕਰਨ। ਕਈ ਸ਼ਹਿਰਾਂ ਵਿੱਚ ਅੰਨਪੂਰਨਾ ਭੰਡਾਰਾ ਵਰਗੀਆਂ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ, ਜਿੱਥੇ ਮਜ਼ਦੂਰਾਂ ਤੇ ਲੋੜਵੰਦਾਂ ਨੂੰ ਮੁਫ਼ਤ ਭੋਜਨ ਮੁਹੱਈਆ ਕਰਵਾਇਆ ਜਾਂਦਾ ਹੈ। ਇਹ ਭੋਜਨ ਪ੍ਰਬੰਧਨ ਦਾ ਇੱਕ ਸ਼ਾਨਦਾਰ ਮਾਡਲ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਭਾਰਤ ਵਿੱਚ ਵੀ ਠੋਸ ਨੀਤੀਆਂ ਤੇ ਸਖ਼ਤ ਨਿਯਮ ਬਣਾਏ ਜਾਣ।



## ਮਨੁੱਖੀ ਸੱਭਿਅਤਾ ਲਈ ਘਾਤਕ ਸਿੱਧ ਹੋਵੇਗੀ

# ਰੁੱਖਾਂ ਦੀ ਕਟਾਈ



ਦਵਿੰਦਰ ਸ਼ਰਮਾ
273, ਸੈਕਟਰ-54,
ਮੁਹਾਲੀ-160055
ਮੋ. 81710-30033

ਪਹਾੜ ਡਿਗ ਰਹੇ ਹਨ ਤੇ ਜਿਸ ਤੇਜ਼ੀ ਨਾਲ ਪਹਾੜ ਟੁੱਟ ਰਹੇ ਹਨ, ਉਹ ਚਿੰਤਾਜਨਕ ਹੈ। ਪਰ ਅਜਿਹਾ ਲੱਗਦਾ ਨਹੀਂ ਕਿ ਇਸ ਦਾ ਅਸਰ ਉਸ ਤਰ੍ਹਾਂ ਦਾ ਹੋਇਆ ਹੈ, ਜੋ ਸਭ 'ਤੇ ਹੋਣਾ ਚਾਹੀਦਾ ਸੀ। ਨੀਤੀ ਨਿਰਮਾਤਾ ਉਹੀ ਕੁਝ ਦੁਹਰਾਉਂਦੇ ਰਹਿਣਗੇ, ਜੋ ਪਹਿਲਾਂ ਵੀ ਅਨੇਕਾਂ ਵਾਰ ਕਿਹਾ ਜਾ ਚੁੱਕਾ ਹੈ। ਵਿਕਾਸ ਦੀ ਯੋਜਨਾ ਬਣਾਉਣ ਸਮੇਂ ਪੱਛਮੀ ਹਿਮਾਲਿਆ ਦੀ ਨਾਜ਼ੁਕ ਵਾਤਾਵਰਨਿਕ ਸੁਰੱਖਿਆ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ। ਅਸੀਂ ਇਹ ਜ਼ਿੰਮੇਵਾਰੀ ਇੱਕ-ਦੂਜੇ 'ਤੇ ਪਾ ਸਕਦੇ ਹਾਂ, ਪਰ ਕੋਈ ਨਹੀਂ ਜਾਣਦਾ ਕਿ ਨਾਜ਼ੁਕ ਵਾਤਾਵਰਨ ਦੀ ਰੱਖਿਆ ਕਿਸ ਨੇ ਕਰਨੀ ਹੈ।

ਉਦਾਹਰਨ ਲਈ ਕਿਸੇ ਪਹਾੜੀ ਢਿੱਗ ਦਾ ਮਲਬਾ ਕਿਸੇ ਪਿੰਡ ਨੂੰ ਤਹਿਸ-ਨਹਿਸ ਕਰ ਦਿੰਦਾ ਹੈ ਤਾਂ ਇਸ ਤਬਾਹੀ ਲਈ ਕਿਸ ਨੂੰ ਜਵਾਬਦੇਹ ਠਹਿਰਾਇਆ ਜਾਣਾ ਚਾਹੀਦਾ ਹੈ? ਕਿਸ ਦੀ ਜ਼ਿੰਮੇਵਾਰੀ ਹੋਣੀ ਚਾਹੀਦੀ।

ਪਿਛਲੇ ਕੁਝ ਹਫ਼ਤਿਆਂ ਦੌਰਾਨ ਭਾਰੀ ਬਾਰਿਸ਼ ਨੇ ਸਿਰਫ਼ ਉਤਰਾਖੰਡ ਦੇ ਉੱਤਰਕਾਸ਼ੀ ਜ਼ਿਲ੍ਹੇ ਵਿੱਚ ਹੀ ਤਬਾਹੀ ਨਹੀਂ ਮਚਾਈ, ਸਗੋਂ ਹਿਮਾਚਲ ਪ੍ਰਦੇਸ਼ ਅਤੇ ਜੰਮੂ ਕਸ਼ਮੀਰ ਵਿੱਚ ਵੀ ਬੱਦਲ ਫਟਣ ਦੀਆਂ ਘਟਨਾਵਾਂ ਨਾਲ ਭਾਰੀ ਨੁਕਸਾਨ ਹੋਇਆ ਹੈ। ਉੱਤਰਾਕਾਸ਼ੀ ਵਿੱਚ ਭਾਗੀਰਥੀ ਨਦੀ ਦੇ ਕਿਨਾਰੇ ਵਸੇ ਧਾਰਾਲੀ ਪਿੰਡ ਦੇ ਇੱਕ ਹਿੱਸੇ ਦੇ ਅਚਾਨਕ ਆਏ ਹੜ੍ਹ ਵਿੱਚ ਵਹਿ ਜਾਣ ਦੀ ਡਰਾਉਣੀ ਵੀਡੀਓ, ਉਸ ਆਫ਼ਤ ਦੀ ਯਾਦ ਦਿਵਾਉਂਦੀ ਨਾ ਸਿਰਫ਼ ਵਾਪਰਨ ਵਾਲੀ ਸੀ, ਸਗੋਂ ਉਸ ਦੀ ਸ਼ੁਰੂਆਤ ਪਹਿਲਾਂ ਹੀ ਹੋ ਚੁੱਕੀ ਸੀ। ਇਹ ਗੱਲ ਹਮੇਸ਼ਾ ਤੋਂ ਮੰਨੀ ਜਾਂਦੀ ਸੀ ਕਿ ਪਹਾੜਾਂ ਦੇ ਲਗਾਤਾਰ ਘਟਦੇ ਗਲੇਸ਼ੀਅਰਾਂ ਤੇ ਮੁੱਖ ਸੜਕਾਂ (ਹਾਈਵੇਜ਼) ਦੇ ਨਾਲ-ਨਾਲ ਢਲਾਣਾਂ ਦੀ ਖੁਦਾਈ ਤੇ ਕਟਾਈ ਕਾਰਨ ਪਹਾੜਾਂ ਦੀ ਤਬਾਹੀ ਹੋਣੀ ਤੈਅ ਹੈ ਪਰ ਫਿਰ ਵੀ ਸੱਤਾਧਾਰੀਆਂ ਨੇ ਸਿਰਫ਼ ਦਿਖਾਵੇ ਲਈ ਜ਼ੁਬਾਨੀ ਗੱਲਾਂ ਹੀ ਕੀਤੀਆਂ।

ਫਿਲਮ ਨਿਰਮਾਤਾ ਵਿਨੋਦ ਕਾਪਰੀ ਨੇ 'ਐਕਸ' 'ਤੇ ਕੀਤੇ ਗਏ ਇੱਕ ਦਿਲਚਸਪ ਟਵੀਟ ਵਿੱਚ ਦਿਖਾਇਆ ਹੈ ਕਿ ਕਿਵੇਂ ਲਗਭਗ ਇੱਕ ਸਾਲ ਪਹਿਲਾਂ ਉੱਤਰਕਾਸ਼ੀ ਗੰਗੋਤਰੀ-ਹਰਸ਼ਿਲ ਮਾਰਗ ਦੇ ਕਿਨਾਰੇ ਪਿੰਡ ਵਾਲਿਆਂ ਨੇ ਉਸੇ ਖੇਤਰ ਵਿੱਚ 6,500 ਦੇਵਦਾਰ ਦੇ ਰੁੱਖਾਂ ਦੀ ਯੋਜਨਾਬੱਧ ਕਟਾਈ ਦਾ ਵਿਰੋਧ ਕੀਤਾ ਸੀ,



ਜਿੱਥੇ ਹੁਣ ਧਾਰਾਲੀ ਪਿੰਡ ਵਿੱਚ ਦੁਖਾਂਤ ਵਾਪਰਿਆ ਹੈ। ਪਿੰਡ ਵਾਲਿਆਂ ਨੇ ਜੰਗਲਾਤ ਵਿਭਾਗ ਦੇ ਨਾਲ-ਨਾਲ ਉੱਤਰਾਖੰਡ ਸਰਕਾਰ ਨੂੰ ਵੀ ਕੀਮਤੀ ਰੁੱਖਾਂ ਨੂੰ ਕੱਟਣ ਦੇ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਲਈ ਕਿਹਾ ਸੀ। ਪਰ ਵਾਤਾਵਰਨ ਨੂੰ ਨਜ਼ਰਅੰਦਾਜ਼ ਕਰ ਕੇ ਹੋਏ 'ਵਿਕਾਸ' ਦੀ ਕੀਮਤ ਆਖਰਕਾਰ ਧਾਰਾਲੀ ਵਾਸੀਆਂ ਨੂੰ ਚੁਕਾਉਣੀ ਪਈ ਹੈ। ਕੀ ਭਾਗੀਰਥੀ ਈਕੋ-ਸੈਂਸਟਿਵ ਜ਼ੋਨ ਵਿੱਚ ਬਾਈਪਾਸ ਬਣਾਉਣ ਲਈ ਰੁੱਖਾਂ ਨੂੰ ਲਾਪ੍ਰਵਾਹੀ ਨਾਲ ਕੱਟਣ ਵਾਲਿਆਂ ਨੂੰ ਕਦੇ ਧਾਰਾਲੀ ਵਿੱਚ ਹੋਏ ਜਾਨ-ਮਾਲ ਦੇ ਨੁਕਸਾਨ ਲਈ ਜ਼ਿੰਮੇਵਾਰ ਠਹਿਰਾਇਆ ਜਾਵੇਗਾ।

ਸੀਨੀਅਰ ਪੱਤਰਕਾਰ ਨਿਧੀ ਜਾਮਵਾਲ ਨੇ ਆਪਣੇ ਟਵੀਟ ਵਿੱਚ ਹਿਮਾਲਿਆ ਵਿੱਚ ਵਾਰ-ਵਾਰ 'ਬੱਦਲ ਫਟਣ' ਨੂੰ ਅਚਾਨਕ ਹੜ੍ਹ ਆਉਣ ਲਈ ਜ਼ਿੰਮੇਵਾਰ ਠਹਿਰਾਉਣ 'ਤੇ ਸਹੀ ਸਵਾਲ ਉਠਾਇਆ ਹੈ। ਜਦੋਂ ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਨੂੰ ਇਹ ਜਾਂਚ ਕਰਨ ਲਈ ਕਿਹਾ ਗਿਆ ਹੈ ਕਿ ਪੱਛਮੀ ਹਿਮਾਲਿਆ ਵਿੱਚ ਵਾਰ-ਵਾਰ ਬੱਦਲ ਫਟਣ ਦੀਆਂ ਘਟਨਾਵਾਂ ਕਿਉਂ ਵਧੀਆਂ ਹਨ ਅਤੇ ਇਸ ਦੇ ਨਾਲ ਹੀ ਜਦੋਂ ਭਾਰਤੀ ਮੌਸਮ ਵਿਭਾਗ ਤੋਂ ਵੀ ਜਾਣਕਾਰੀ ਮੰਗੀ ਗਈ ਤਾਂ ਇਹ ਸਪੱਸ਼ਟ ਹੋਇਆ ਕਿ ਬੱਦਲ ਫਟਦਾ ਸਿਰਫ਼ ਉਦੋਂ ਹੀ ਹੁੰਦਾ ਹੈ ਜਦੋਂ ਇੱਕ ਛੋਟੇ ਖੇਤਰ ਵਿੱਚ ਇੱਕਦਮ 100 ਮਿਲੀਮੀਟਰ ਮੀਂਹ ਪੈਂਦਾ ਹੈ। ਅਸਲੀਅਤ ਇਹ ਹੈ ਕਿ ਅਸੀਂ ਖੁਦ ਨੂੰ ਦੋਸ਼ੀ ਮੰਨਣ ਦੀ ਬਜਾਏ ਬਹਾਨੇ ਲੱਭਣ ਲੱਗਦੇ ਹਾਂ। ਕਈ ਅਧਿਐਨਾਂ ਤੋਂ ਪਤਾ ਚੱਲਿਆ ਹੈ ਕਿ ਹਿਮਾਲਿਆ ਤੇ ਦੇਸ਼ ਭਰ ਵਿੱਚ ਦਰੱਖਤਾਂ ਨੂੰ ਬੇਰਹਿਮੀ ਨਾਲ ਕੱਟਿਆ ਜਾ ਰਿਹਾ ਹੈ ਅਤੇ ਇਸ ਕਾਰਨ ਹੁੰਦੀ ਤਬਾਹੀ ਲਈ ਕਿਸੇ ਨੂੰ ਕੋਈ ਪਛਤਾਵਾ ਵੀ ਨਹੀਂ ਹੁੰਦਾ। 2013 ਵਿੱਚ ਕੇਦਾਰਨਾਥ ਹੜ੍ਹਾਂ ਅਤੇ 2019-20 ਵਿੱਚ ਚਾਰ ਧਾਮ ਪਰਿਯੋਜਨਾ ਦੀ ਜਾਂਚ ਲਈ ਸੁਪਰੀਮ ਕੋਰਟ ਦੀਆਂ ਕਮੇਟੀਆਂ ਦੁਆਰਾ ਦਿੱਤੀਆਂ ਸਖ਼ਤ ਚਿਤਾਵਨੀਆਂ ਦੇ ਬਾਵਜੂਦ 'ਵਾਤਾਵਰਨ 'ਤੇ ਵਿਕਾਸ' ਭਾਰੂ ਹੋ ਗਿਆ ਅਤੇ ਚਿਤਾਵਨੀਆਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ। ਚਾਰ ਧਾਮ ਪ੍ਰੋਜੈਕਟ ਕਮੇਟੀ ਦੇ ਚੇਅਰਮੈਨ ਰਵੀ ਚੋਪੜਾ ਨੇ ਠੀਕ ਹੀ ਕਿਹਾ ਸੀ ਕਿ ਕੁਦਰਤ ਦੀਆਂ ਹੱਦਾਂ ਨੂੰ ਪਛਾਨਣਾ ਤੇ ਉਨ੍ਹਾਂ ਦਾ ਸਤਿਕਾਰ ਕਰਨਾ ਸਾਡੇ ਬਚਾਅ ਤੇ ਆਰਥਿਕ ਵਿਕਾਸ ਲਈ ਸਭ ਤੋਂ ਸੁਰੱਖਿਅਤ ਤੇ ਤਰਕਪੂਰਨ ਰਸਤਾ ਹੈ।

ਮੈਨੂੰ ਇਹ ਵੀ ਅਜੀਬ ਲੱਗਦਾ ਹੈ ਜਦੋਂ ਵਾਤਾਵਰਨ-ਸੰਵੇਦਨਸ਼ੀਲ ਖੇਤਰਾਂ ਵਿੱਚ ਖਣਨ ਨੂੰ ਸੀਮਤ ਕਰਨ ਦੀ ਇਜਾਜ਼ਤ ਮੰਗੀ ਜਾਂਦੀ ਹੈ, ਜਿਸ ਲਈ ਆਦਿਵਾਸੀਆਂ ਦੇ ਵਿਸਥਾਪਨ ਦੀ ਵੀ ਲੋੜ ਹੁੰਦੀ ਹੈ। ਜਦੋਂ ਕਿ ਇਨ੍ਹਾਂ ਖੇਤਰਾਂ ਵਿੱਚ ਖਣਿਜ 'ਤੇ ਪੱਕੀ ਰੋਕ ਲੱਗਣੀ ਚਾਹੀਦੀ ਹੈ।

ਛੱਤੀਸਗੜ੍ਹ ਦੇ ਹਸਦੇਓ ਬਲਾਕ ਵਿੱਚ ਤਾਂ ਨਿਆਂਪਾਲਿਕਾ ਨੇ ਖਣਨ 'ਤੇ ਅੰਤਰਿਮ ਰੋਕ ਲਗਾਉਣ ਤੋਂ ਇਨਕਾਰ ਕਰਦਿਆਂ ਇੱਥੋਂ ਤੱਕ ਕਹਿ ਦਿੱਤਾ ਕਿ 'ਕਿਰਪਾ ਕਰਕੇ ਵਿਕਾਸ ਦੇ ਰਾਹ ਵਿੱਚ ਨਾ ਆਓ'। ਭਾਵੇਂ ਬੁੱਧੀਜੀਵੀ ਵਰਗ ਹੋਵੇ ਨਿਗਰਾਨੀ ਜਾਂ ਕੋਈ ਵੀ ਰਾਜਨੀਤਕ ਪਾਰਟੀ ਹੋਵੇ 'ਵਿਕਾਸ ਬਨਾਮ ਵਾਤਾਵਰਨ' ਦੇ ਮਾਮਲੇ ਵਿੱਚ ਸਭ ਦਾ ਧਿਆਨ ਹਮੇਸ਼ਾ ਜੰਗਲਾਂ ਦੀ ਕਟਾਈ 'ਤੇ ਕੇਂਦਰਿਤ ਰਹਿੰਦਾ ਹੈ। ਰਵੀ ਚੋਪੜਾ ਨੇ ਬਿਲਕੁਲ ਸਮਝਦਾਰ ਸਲਾਹ ਦਿੱਤੀ ਸੀ। ਮੈਨੂੰ ਵੀ ਇਹ ਨਹੀਂ ਲੱਗਦਾ ਕਿ ਕੁਦਰਤ ਨੂੰ ਨੁਕਸਾਨ ਪਹੁੰਚਾਏ ਬਗੈਰ ਵਿਕਾਸ ਨੂੰ ਯਕੀਨੀ ਬਣਾਉਣਾ ਬਹੁਤ ਔਖਾ ਹੈ। ਇਸ ਲਈ ਬੱਸ ਯੋਜਨਾਵਾਂ ਨੂੰ ਉਸ ਲਾਲਚ ਤੋਂ ਬਾਹਰ ਨਿਕਲਣਾ ਹੋਵੇਗਾ, ਜਿਸ ਲਈ ਨਿਰਮਾਣ ਕੰਪਨੀਆਂ ਅਤੇ ਉਨ੍ਹਾਂ ਦੀ ਪੈਰਵੀ ਕਰਨ ਵਾਲੇ ਰਾਜਨੀਤਕ ਮਾਲਕ ਦਬਾਅ ਬਣਾਉਣ ਦੀ ਕੋਸ਼ਿਸ਼ ਕਰਦੇ ਹਨ।

ਜਿਹੜੇ ਲੋਕ ਮੰਨਦੇ ਹਨ ਕਿ ਜੰਗਲਾਤ ਦੇ ਨੁਕਸਾਨ ਦੀ ਭਰਪਾਈ ਤਾਜ਼ੇ ਬੂਟੇ ਲਗਾ ਕੇ ਕੀਤੀ ਜਾ ਸਕਦੀ ਹੈ; ਉਨ੍ਹਾਂ ਲਈ ਆਈ. ਆਈ. ਟੀ. ਭੁਵਨੇਸ਼ਵਰ ਦੁਆਰਾ ਕੀਤਾ ਗਿਆ ਹਾਲੀਆ ਅਧਿਐਨ (4 ਅਗਸਤ, 2025 ਨੂੰ ਪ੍ਰਕਾਸ਼ਿਤ) ਅੱਖਾਂ ਖੋਲ੍ਹਣ ਵਾਲਾ ਹੋਣਾ ਚਾਹੀਦਾ ਹੈ। ਕੋਪਰਨਿਕਸ ਗਲੋਬਲ ਲੈਂਡ ਸਰਵਿਸ ਲੈਂਡ ਕਵਰ ਮੈਪ 'ਤੇ ਆਧਾਰਿਤ ਇਸ ਅਧਿਐਨ ਤੋਂ



ਪਤਾ ਲੱਗਦਾ ਹੈ ਕਿ ਭਾਰਤ ਨੇ ਜਿੰਨਾ ਜੰਗਲਾਤ ਵਧਾਇਆ ਹੈ, ਉਸ ਨਾਲੋਂ 18 ਗੁਣਾ ਜ਼ਿਆਦਾ ਗੁਆ ਦਿੱਤਾ ਹੈ। ਭਾਰਤ ਨੇ 2015 ਤੋਂ 2019 ਦੇ ਵਿਚਕਾਰ ਪੌਦੇ ਲਗਾਉਣ ਨਾਲ ਕਵਰ ਕੀਤੇ ਹਰ 1 ਵਰਗ ਕਿਲੋਮੀਟਰ ਹਰੇ ਖੇਤਰ ਪਿੱਛੇ, 18 ਵਰਗ ਕਿਲੋਮੀਟਰ ਜੰਗਲ ਗੁਆਇਆ ਹੈ। ਇਸ ਅਧਿਐਨ ਦੇ ਲੇਖਕਾਂ ਵਿੱਚੋਂ ਇੱਕ ਨੇ ਮੀਡੀਆ ਨੂੰ ਦੱਸਿਆ ਕਿ ਸਾਡੀ ਖੋਜ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ ਕਿ 2015 ਤੋਂ 2019 ਦੌਰਾਨ ਨਵੇਂ ਸ਼ਾਮਿਲ ਕੀਤੇ ਗਏ ਜ਼ਿਆਦਾਤਰ ਨਵੇਂ ਜੰਗਲ ਬਹੁਤ ਜ਼ਿਆਦਾ ਖੰਡਿਤ ਤੇ ਵਾਤਾਵਰਨਕ ਤੌਰ 'ਤੇ ਕਮਜ਼ੋਰ ਖੇਤਰਾਂ ਵਿੱਚ ਸਨ।

ਮੌਜੂਦਾ ਮਾਤਰਾ-ਆਧਾਰਤ ਵਣ ਲਗਾਉਣ ਦੀ ਪਹੁੰਚ ਤੋਂ ਅੱਗੇ ਵਧਣ ਅਤੇ ਜੰਗਲ ਯੋਜਨਾਬੰਦੀ ਵਿੱਚ ਸਪੱਸ਼ਟ ਤੌਰ 'ਤੇ ਢਾਂਚਾਗਤ ਸੰਪਰਕ ਨੂੰ ਸ਼ਾਮਿਲ ਕਰਨ ਦੀ ਜ਼ਰੂਰਤ ਹੈ। ਇਹ ਸਭ ਉਸ ਸਮੇਂ ਹੋ ਰਿਹਾ ਹੈ ਜਦੋਂ ਭਾਰਤ 2015 ਵਿੱਚ ਸੰਯੁਕਤ ਰਾਸ਼ਟਰ ਜਲਵਾਯੂ ਪਰਿਵਰਤਨ ਸੰਮੇਲਨ (ਪੈਰਿਸ ਕਨਵੈਨਸ਼ਨ) ਮੌਕੇ ਪਹਿਲਾਂ ਹੀ 2030 ਤੱਕ ਹੋਰ ਜੰਗਲਾਤ ਲਗਾ ਕੇ 2.5 ਅਰਬ ਟਨ ਤੋਂ ਵੱਧ ਕਾਰਬਨ ਡਾਈਆਕਸਾਈਡ (ਸੀ.ਓ. 2) ਦੇ ਵਾਧੂ ਕਾਰਬਨ ਖਪਾਉਣ (ਸਿੰਕ) ਦੀ ਵਿਵਸਥਾ ਕਰਨ ਦਾ ਵਾਅਦਾ ਕਰ ਚੁੱਕਾ ਹੈ। ਆਈ.ਆਈ.ਟੀ. ਅਧਿਐਨ ਨੂੰ ਦੇਖਦਿਆਂ ਨਵਿਆਇਆ ਗਿਆ ਜੰਗਲਾਤ ਅਭਿਆਸ ਕਿੰਨਾ ਕੁ ਫਲਦਾਇਕ ਹੋਵੇਗਾ, ਇਹ ਸਪੱਸ਼ਟ ਤੌਰ 'ਤੇ ਅੱਗੇ ਆਉਣ ਵਾਲੀਆਂ ਮੁਸ਼ਕਿਲ ਚੁਣੌਤੀਆਂ ਨੂੰ ਦਰਸਾਉਂਦਾ ਹੈ।

ਇਸ ਲਈ ਕਾਰਬਨ ਸੋਖਣ (ਸੀਕਵੈਸਟਿੰਗ) ਨੂੰ ਯਕੀਨੀ ਬਣਾਉਣ ਦਾ ਸਭ ਤੋਂ ਵਧੀਆ ਤਰੀਕਾ ਹੈ ਕਿ ਪੁਰਾਣੇ ਰੁੱਖਾਂ ਨੂੰ ਜਿਉਂਦਾ ਰਹਿਣ ਦਿੱਤਾ ਜਾਵੇ। ਰੁੱਖਾਂ ਨੂੰ ਕੱਟ ਕੇ ਵਿਕਾਸ ਕਰਨਾ ਇੱਕ ਗਲਤ ਧਾਰਨਾ ਹੈ। ਵਿਕਾਸਸ਼ੀਲ ਦੇਸ਼ਾਂ ਵਿੱਚ ਕੁਝ ਲੋਕ ਜੋ ਹਰਿਆਲੀ ਪ੍ਰੋਜੈਕਟ ਚਲਾਉਂਦੇ ਹਨ, ਉਹ ਪੱਛਮੀ ਦੁਨੀਆ ਵਿੱਚ ਉਦਯੋਗਿਕ ਪ੍ਰਦੂਸ਼ਣ ਦੀ ਭਰਪਾਈ ਨਹੀਂ ਕਰ ਸਕਦੇ। ਸਾਨੂੰ ਕਿਸੇ ਵੀ ਹਾਲਤ ਵਿੱਚ ਅਖ਼ਬਾਰਾਂ ਦੇ ਉਨ੍ਹਾਂ ਲੇਖਾਂ ਤੋਂ ਪ੍ਰਭਾਵਿਤ ਨਹੀਂ ਹੋਣਾ ਚਾਹੀਦਾ, ਜੋ ਪਹਾੜੀ ਢਲਾਣਾਂ ਤੋਂ ਬਰਫ ਗਾਇਬ ਹੋਣ ਵਿੱਚ ਕੋਈ ਨੁਕਸਾਨ ਨਹੀਂ ਦੇਖਦੇ। ਇਹ ਕੁਝ ਸਿਰਫ਼ ਹਿਮਾਲਿਆ ਤੱਕ ਹੀ ਸੀਮਤ ਨਹੀਂ ਹੈ, ਸਗੋਂ ਅੰਡੇਮਾਨ ਨਿਕੋਬਾਰ ਟਾਪੂਆਂ ਵਿੱਚ ਕੇਂਦਰ ਸਰਕਾਰ ਦਾ ਉਤਸ਼ਾਹਪੂਰਨ 'ਗ੍ਰੇਟ ਨਿਕੋਬਾਰ ਪ੍ਰੋਜੈਕਟ' ਵੀ ਹੈ ਜਿਸ ਕਾਰਨ 9.5 ਲੱਖ ਤੋਂ ਵੱਧ ਰੁੱਖਾਂ ਦਾ ਵੱਡਾ ਨੁਕਸਾਨ ਹੋਣ ਦੀ ਉਮੀਦ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਕੁਦਰਤ ਤੋਂ ਵਾਤਾਵਰਨ ਨਾਲ ਵਿਕਾਸ ਨੂੰ ਪਹਿਲ ਦੇਣ ਦੀ ਕਹਾਣੀ ਕਿੰਨੀ ਡੂੰਘੀ ਹੋ ਰਹੀ ਹੈ। ਹਰਿਆਣਾ ਵਿੱਚ ਜੰਗਲਾਤ ਲਗਾਉਣ ਨਾਲ ਉਸ ਤਬਾਹੀ ਦੀ ਭਰਪਾਈ ਨਹੀਂ ਹੋ ਸਕੇਗੀ, ਜੋ ਟਾਪੂਆਂ 'ਤੇ ਹੋਣ ਵਾਲੀ ਹੈ।

ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨਾਂ ਲਈ ਜਲਵਾਯੂ ਪਰਿਵਰਤਨ ਨੂੰ ਜ਼ਿੰਮੇਵਾਰ ਠਹਿਰਾਉਣਾ ਬਹੁਤ ਆਸਾਨ ਹੋ ਗਿਆ ਹੈ। ਉਹ ਦਿਨ ਦੂਰ ਨਹੀਂ ਜਦੋਂ ਮਨੁੱਖਤਾ ਨੂੰ ਅੰਤ ਵਿੱਚ ਇਹ ਅਹਿਸਾਸ ਹੋਵੇਗਾ ਕਿ ਵੱਡੇ ਪੱਧਰ 'ਤੇ ਵਾਤਾਵਰਨ ਦੀ ਤਬਾਹੀ ਉਸ ਦੇ ਆਪਣੇ ਹੀ ਕੀਤੇ ਦਾ ਨਤੀਜਾ ਹੈ। ਇਸ ਦੌਰਾਨ ਇਹ ਜਾਣਨਾ ਜ਼ਰੂਰੀ ਹੈ ਕਿ ਜਿਵੇਂ-ਜਿਵੇਂ ਅਸੀਂ ਉੱਚ ਵਿਕਾਸ ਅਤੇ ਹੋਰ ਵਿਕਾਸ ਲਈ ਦਬਾਅ ਬਣਾਉਂਦੇ ਜਾ ਰਹੇ ਹਾਂ, ਉਵੇਂ-ਉਵੇਂ ਦੁਨੀਆ ਤਾਂ ਜਲਵਾਯੂ ਪਰਿਵਰਤਨ ਤੋਂ ਜਲਵਾਯੂ ਉਬਾਲ ਤੇ ਵੀ ਅੱਗੇ ਵੱਲ ਵਧਦੀ ਜਾ ਰਹੀ ਹੈ।

**(ਲੇਖਕ ਪ੍ਰਸਿੱਧ ਖੁਰਾਕ ਅਤੇ ਖੇਤੀਬਾੜੀ ਨੀਤੀ ਮਾਹਿਰ ਹਨ)**

**ਯੂਨੀਵਰਸਿਟੀ ਵੱਲੋਂ ਤੁਹਾਡੀ ਸੇਵਾ ਲਈ ਕੁੱਝ ਨਵੇਂ ਉਪਰਾਲੇ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ ਜਿਨ੍ਹਾਂ ਬਾਰੇ ਜਾਣਕਾਰੀ ਤੁਹਾਡੇ ਨਾਲ ਸਾਂਝੀ ਕੀਤੀ ਜਾ ਰਹੀ ਹੈ । ਯੂਨੀਵਰਸਿਟੀ ਵਿਖੇ ਸਮਾਰਟ ਖੇਤੀਬਾੜੀ ਲਈ ਡਿਜੀਟਲ ਤਕਨਾਲੋਜੀ ਪਾਰਕ ਸਥਾਪਿਤ ਕੀਤੀ ਜਾ ਰਹੀ ਹੈ । ਇਸ ਵਿੱਚ ਸੈਂਸਰ ਅਧਾਰਿਤ ਸਵੈਚਾਲਿਤ ਸਿੰਚਾਈ ਪ੍ਰਬੰਧ, ਸਵੈਚਾਲਿਤ ਮੌਸਮ ਕੇਂਦਰ, ਖੇਤੀ ਵਿੱਚ ਡਰੋਨ ਦੀ ਵਰਤੋਂ, ਮਸ਼ੀਨ ਸਿਖਲਾਈ ਆਧਾਰਿਤ ਸੂਖਮ ਸਹਿਯੋਗੀ ਪ੍ਰਬੰਧ ਆਦਿ ਸ਼ਾਮਿਲ ਕੀਤਾ ਜਾਵੇਗਾ । ਬਿਨ੍ਹਾਂ ਡਰਾਈਵਰ ਤੋਂ ਵਾਹੀ ਕਰ ਰਹੇ ਟਰੈਕਟਰ ਨੂੰ ਜ਼ਰੂਰ ਵੇਖਣਾ । ਇਸੇ ਤਰ੍ਹਾਂ ਫ਼ਸਲਾਂ ਦੀ ਪਾਣੀ ਲੋੜ ਬਾਰੇ ਜਾਣਕਾਰੀ ਦੇਣ ਵਾਲਾ ਯੰਤਰ ਵੀ ਵੇਖ ਕੇ ਜਾਣ । ਇਸ ਦੀ ਵਰਤੋਂ ਨਾਲ ਪਾਣੀ ਦੀ ਬੱਚਤ ਹੋਵੇਗੀ ।**




# ਵਿਗਿਆਨ ਚਮਤਕਾਰ ਵਿਖਾਵਣ ਕਿਸਾਨ ਮੇਲੇ

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ । ਇੱਥੋਂ ਦੇ ਕਿਸਾਨ ਅਗਾਂਹਵਧੂ ਹਨ ਅਤੇ ਹਮੇਸ਼ਾਂ ਖੇਤੀ ਦੀਆਂ ਨਵੀਆਂ ਤਕਨੀਕਾਂ ਨੂੰ ਅਪਨਾਉਣ ਲਈ ਤਿਆਰ ਰਹਿੰਦੇ ਹਨ । ਸਾਰੀ ਧਰਤੀ ਸੇਂਜੂ ਹੋਣ ਨਾਲ ਖੇਤੀ ਵਿੱਚ ਨਵੇਂ ਤਜ਼ਰਬੇ ਕੀਤੇ ਜਾ ਸਕਦੇ ਹਨ । ਇਸੇ ਕਰਕੇ ਕਿਸਾਨਾਂ ਦੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਨਾਲ ਨੇੜਲੇ ਸੰਬੰਧ ਹਨ । ਇੱਥੋਂ ਗਿਆਨ ਪ੍ਰਾਪਤ ਕਰਕੇ ਪੰਜਾਬ ਦੇ ਕਿਸਾਨਾਂ ਨੇ ਦੇਸ਼ ਵਿੱਚ ਹਰਾ ਇਨਕਲਾਬ ਸਿਰਜਿਆ ਅਤੇ ਲੋਕਾਈ ਨੂੰ ਭੁੱਖਮਰੀ ਤੋਂ ਬਚਾਇਆ । ਗਿਆਨ ਨੂੰ ਕਿਸਾਨਾਂ ਤੱਕ ਪਹੁੰਚਾਉਣ ਵਿੱਚ ਯੂਨੀਵਰਸਿਟੀ ਵੱਲੋਂ ਲਗਾਏ ਜਾਂਦੇ ਕਿਸਾਨ ਮੇਲਿਆਂ ਦੀ ਵਿਸ਼ੇਸ਼ ਭੂਮਿਕਾ ਰਹੀ ਹੈ । ਇਨ੍ਹਾਂ ਮੇਲਿਆਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਆਉਂਦੇ ਹਨ । ਅਜਿਹਾ ਹੋਰ ਕਿਸੇਸੰਸਥਾ ਵਿੱਚ ਨਹੀਂ ਹੁੰਦਾ । ਇਹ ਯੂਨੀਵਰਸਿਟੀ ਹਮੇਸ਼ਾਂ ਦੇਸ਼ ਦੀ ਸਭ ਤੋਂ ਵਧੀਆ ਯੂਨੀਵਰਸਿਟੀ ਮੰਨੀ ਜਾਂਦੀ ਹੈ । ਇਹ ਯੂਨੀਵਰਸਿਟੀ ਨੇ ਖੇਤੀ ਵਿੱਚ ਆਪਣੇ ਅਹਿਮ ਯੋਗਦਾਨ ਦੇ ਨਾਲੋਂ ਨਾਲ ਰੁੱਖਾਂ ਦੀ ਸਾਂਝ-ਸੰਭਾਲ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ । ਇਸ ਪੱਖੋਂ ਯੂਨੀਵਰਸਿਟੀ ਨੂੰ ਪੰਜਾਬ ਦੀ ਸਭ ਤੋਂ ਸੁੰਦਰ ਸੰਸਥਾ ਗਿਣਿਆ ਗਿਆ ਹੈ । ਇੱਥੋਂ ਦਾ ਹਰੇਕ ਵਿਦਿਆਰਥੀ ਇੱਕ ਰੁੱਖ ਦੀ ਪਾਲਣਾ ਕਰਦਾ ਹੈ । ਇੱਥੋਂ ਦੇ ਸਾਰੇ ਘਰਾਂ ਵਿੱਚ ਫ਼ਲਦਾਰ ਬੂਟੇ ਹਨ । ਇੱਥੋਂ ਸਬਕ ਸਿੱਖ ਕੇ ਆਪਣੇ ਘਰਾਂ ਅਤੇ ਖੇਤਾਂ ਨੂੰ ਰੁੱਖਾਂ ਫੁੱਲਾਂ ਤੇ ਫ਼ਲਾਂ ਨਾਲ ਸ਼ਿੰਗਾਰਨ ਦਾ ਯਤਨ ਕਰੋ ।

ਇਹ ਵੇਖਣ ਵਿੱਚ ਆਇਆ ਹੈ ਕਿ ਮੇਲੇ ਵਿੱਚ ਆ ਕੇ ਕਿਸਾਨਾਂ ਦੀ ਮੁੱਖ ਰੁਚੀ ਨਵੇਂ ਬੀਜ ਖਰੀਦਣ ਵਿੱਚ ਹੀ ਹੁੰਦੀ ਹੈ । ਆਪਣੀਆਂ ਖੇਤੀ ਸਮੱਸਿਆਵਾਂ ਬਾਰੇ ਮਾਹਿਰਾਂ ਨਾਲ ਬਹੁਤ ਘੱਟ ਵਿਚਾਰ ਵਿਟਾਂਦਰਾ ਕਰਦੇ ਹਨ । ਇਹ ਤਾਂ ਪਤਾ ਲੱਗਾ ਹੈ ਕਿ ਕਿਸਾਨ ਰਸਾਇਣਾਂ ਦੀ ਵਰਤੋਂ ਫ਼ਸਲਾਂ ਉਤੇ ਕਿਸੇ ਕੀੜੇ ਜਾਂ ਬਿਮਾਰੀ ਦੇ ਹਮਲੇ ਸਮੇਂ ਦੁਕਾਨਕਾਰਾਂ ਦੀ ਸਲਾਹ ਨਾਲ ਹੀ ਕਰਦੇ ਹਨ । ਇਸ ਨਾਲ ਜਿੱਥੇ ਖਰਚੇ ਵਿੱਚ ਵਾਧਾ ਹੁੰਦਾ ਹੈ ਉਥੇ ਕਈ ਵਾਰ ਨੁਕਸਾਨ ਵੀ ਹੋ ਜਾਂਦਾ ਹੈ । ਕਿਸਾਨਾਂ ਨੂੰ ਮੇਰੀ ਬੇਨਤੀ ਹੈ ਕਿ ਖੇਤੀ ਵਿੱਚ ਰਸਾਇਣਾਂ ਦੀ ਵਰਤੋਂ ਕੇਵਲ ਮਾਹਿਰਾਂ ਦੀ ਸਲਾਹ ਲੈ ਕੇ ਹੀ ਕਰੋ । ਆਪਣੇ ਆਪ ਜਾਂ ਦੁਕਾਨਦਾਰਾਂ ਦੀ ਸਲਾਹ ਉੱਤੇ ਹੀ ਨਿਰਭਰ ਨਾ ਰਹੋ । ਯੂਨੀਵਰਸਿਟੀ ਵੱਲੋਂ ਹਰੇਕ ਜ਼ਿਲ੍ਹੇ ਵਿੱਚ ਕ੍ਰਿਸ਼ੀ ਵਿਗਿਆਨ ਕੇਂਦਰ ਬਣਾਏ ਗਏ ਹਨ । ਲੋੜ ਸਮੇਂ ਉਥੋਂ ਦੇ ਮਾਹਿਰਾਂ ਨਾਲ ਸੰਪਰਕ ਕਰੋ ਅਤੇ ਉਨ੍ਹਾਂ ਦੀ ਸਲਾਹ ਅਨੁਸਾਰ ਹੀ ਰਸਾਇਣਾਂ ਦੀ ਵਰਤੋਂ ਕਰੋ ।

ਯੂਨੀਵਰਸਿਟੀ ਨੂੰ ਮੁੜ ਸ਼ਿੰਗਾਰਨ ਦਾ ਕੰਮ ਵਾਈਸ ਚਾਂਸਲਰ ਡਾ. ਸਤਿਬੀਰ ਸਿੰਘ ਗੋਸਲ ਦੀ ਅਗਵਾਈ ਹੇਠ ਅਰੰਭਿਆ ਗਿਆ ਹੈ । ਇਸ ਵਾਰ ਕਿਸਾਨ ਭੈਣੋ ਤੇ ਭਰਾਵੋ ਕਿਸਾਨ ਮੇਲੇ ਉੱਤੇ ਮੁੜ ਤੋਂ ਸ਼ਿੰਗਾਰੀ ਗਈ ਇਹ ਸੰਸਥਾ ਤੁਹਾਨੂੰ ਉਡੀਕ ਰਹੀ ਹੈ । ਇਸ ਸੰਸਥਾ ਨੇ ਜਿਥੇ ਵਿਗਿਆਨਕ ਦ੍ਰਿਸ਼ਟੀ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਹੈ ਉਥੇ ਹੀ ਪੰਜਾਬੀਆਂ ਵਿੱਚ ਆਪਣੇ ਘਰਾਂ ਤੇ ਖੇਤਾਂ ਨੂੰ ਫੁੱਲ ਬੂਟਿਆਂ ਤੇ ਰੁੱਖਾਂ ਨਾਲ ਸ਼ਿੰਗਾਰਨ ਲਈ ਵੀ ਉਤਸ਼ਾਹਿਤ ਕੀਤਾ ਹੈ । ਕਿਸਾਨ ਭਰਾਵੋ ਤੁਸੀਂ ਵੀ ਇਸ ਤੋਂ ਪ੍ਰੇਰਨਾ ਲਵੋ ਅਤੇ ਆਪਣੇ ਪਿੰਡ ਵਿੱਚ ਹਰੇਕ ਪਰਿਵਾਰ ਵੱਲੋਂ ਇੱਕ ਰੁੱਖ ਲਗਾਉਣ ਤੇ ਉਸ ਦੀ ਸਾਂਭ-ਸੰਭਾਲ ਕਰਨ ਦਾ ਫੈਸਲਾ ਕਰੋ । ਇੰਝ ਪੰਜਾਬ ਮੁੜ ਹਰਾ ਭਰਾ ਹੋ ਜਾਵੇਗਾ ਅਤੇ ਵੱਧ ਰਹੀ ਤਪਸ਼ ਨੂੰ ਠੱਲ ਪਾਈ ਜਾ ਸਕੇਗੀ ਕਿਉਂਕਿ ਇਸਦਾ ਸਭ ਤੋਂ ਵੱਧ ਨੁਕਸਾਨ ਕਿਸਾਨਾਂ ਨੂੰ ਹੀ ਹੁੰਦਾ ਹੈ ।

ਯੂਨੀਵਰਸਿਟੀ ਵੱਲੋਂ ਤੁਹਾਡੀ ਸੇਵਾ ਲਈ ਕੁੱਝ ਨਵੇਂ ਉਪਰਾਲੇ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ ਜਿਨ੍ਹਾਂ ਬਾਰੇ ਜਾਣਕਾਰੀ ਤੁਹਾਡੇ ਨਾਲ ਸਾਂਝੀ ਕੀਤੀ ਜਾ ਰਹੀ ਹੈ । ਯੂਨੀਵਰਸਿਟੀ ਵਿਖੇ ਸਮਾਰਟ ਖੇਤੀਬਾੜੀ ਲਈ ਡਿਜੀਟਲ ਤਕਨਾਲੋਜੀ ਪਾਰਕ ਸਥਾਪਿਤ ਕੀਤੀ ਜਾ ਰਹੀ ਹੈ । ਇਸ ਵਿੱਚ ਸੈਂਸਰ ਅਧਾਰਿਤ ਸਵੈਚਾਲਿਤ ਸਿੰਚਾਈ ਪ੍ਰਬੰਧ, ਸਵੈਚਾਲਿਤ ਮੌਸਮ ਕੇਂਦਰ, ਖੇਤੀ ਵਿੱਚ ਡਰੋਨ ਦੀ ਵਰਤੋਂ, ਮਸ਼ੀਨ ਸਿਖਲਾਈ ਆਧਾਰਿਤ ਸੂਖਮ ਸਹਿਯੋਗੀ ਪ੍ਰਬੰਧ ਆਦਿ ਸ਼ਾਮਿਲ ਕੀਤਾ ਜਾਵੇਗਾ । ਬਿਨ੍ਹਾਂ ਡਰਾਈਵਰ ਤੋਂ ਵਾਹੀ ਕਰ ਰਹੇ ਟਰੈਕਟਰ ਨੂੰ ਜ਼ਰੂਰ ਵੇਖਣਾ । ਇਸੇ ਤਰ੍ਹਾਂ ਫ਼ਸਲਾਂ ਦੀ ਪਾਣੀ ਲੋੜ ਬਾਰੇ ਜਾਣਕਾਰੀ ਦੇਣ ਵਾਲਾ ਯੰਤਰ ਵੀ ਵੇਖ ਕੇ ਜਾਣ । ਇਸ ਦੀ ਵਰਤੋਂ ਨਾਲ ਪਾਣੀ ਦੀ ਬੱਚਤ ਹੋਵੇਗੀ । ਮੌਸਮੀ ਤਬਦੀਲੀ ਦਾ ਮੁਕਾਬਲਾ ਕਰਨ ਵਾਲੀਆਂ ਫ਼ਸਲਾਂ ਦੀਆਂ ਕਿਸਮਾਂ ਵਿਕਸਤ ਕਰਨ ਦੇ ਕਾਰਜ ਵਿੱਚ ਵੀ ਯੂਨੀਵਰਸਿਟੀ ਖੋਜ ਤੇਜ ਕਰ ਰਹੀ ਹੈ । ਪੰਜਾਬ ਵਿੱਚ ਫ਼ਸਲਾਂ ਦੇ ਨਾੜ ਨੂੰ ਸੰਭਾਲਣਾ ਮੁੱਖ ਸਮੱਸਿਆ ਬਣ ਗਿਆ ਹੈ । ਇਨ੍ਹਾਂ ਦੀ ਸੰਭਾਲ ਅਤੇ ਸਨਅਤੀ ਵਰਤੋਂ ਸੰਬੰਧੀ ਕਈ ਵਿਧੀਆਂ ਤਿਆਰ ਕੀਤੀਆਂ ਗਈਆਂ ਹਨ । ਇਨ੍ਹਾਂ ਨੂੰ ਜ਼ਰੂਰ ਵੇਖੋ । ਭਾਰਤ ਸਰਕਾਰ ਵੱਲੋਂ ਕੁਦਰਤੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਜ਼ੋਰ ਦਿੱਤਾ ਜਾ ਰਿਹਾ ਹੈ । ਪੰਜਾਬ ਵਿੱਚ ਖੇਤੀ ਦਾ ਮੁਕੰਮਲ ਮਸ਼ੀਨੀਕਰਨ ਹੋਣ ਕਰਕੇ ਰੂੜ੍ਹੀ ਉਪਲਬਧ ਨਹੀਂ ਹੈ । ਫ਼ਸਲਾਂ ਤੋਂ ਵੱਧ ਝਾੜ ਲੈਣ ਲਈ ਕੁਦਰਤੀ ਖੇਤੀ ਦੇ ਢੰਗ ਤਰੀਕਿਆਂ ਨੂੰ ਵਿਕਸਤ ਕਰਨ ਦਾ ਕਾਰਜ ਇੱਕ ਵਿਸ਼ੇਸ਼ ਵਿਭਾਗ ਕਰ ਰਿਹਾ ਹੈ । ਇਸ ਦਾ ਕੰਮ ਜ਼ਰੂਰ ਵੇਖ ਕੇ ਜਾਣਾ । ਪੰਜਾਬੀਆਂ ਦੀਆਂ ਖਾਣ ਪੀਣ ਦੀਆਂ ਆਦਤਾਂ ਬਦਲ ਰਹੀਆਂ ਹਨ ਜਿਸ ਕਾਰਨ ਉਹ ਸੰਤੁਲਿਤ ਭੋਜਨ ਤੋਂ ਦੂਰ ਹੋ ਰਹੇ ਹਨ । ਬਦਲੀ ਸਥਿਤੀ ਵਿੱਚ ਪੌਸ਼ਟਿਕ ਭੋਜਨ ਕਿਵੇਂ ਤਿਆਰ ਕੀਤੇ ਜਾਣ ਇਸ ਸੰਬੰਧੀ ਵੀ ਕਿਸਾਨ ਮੇਲੇ ਵਿੱਚ ਜਾਣਕਾਰੀ ਦਿੱਤੀ ਜਾਵੇਗੀ । ਇਸ ਸੰਬੰਧੀ ਜਾਣਕਾਰੀ ਜ਼ਰੂਰ ਪ੍ਰਾਪਤ ਕਰਕੇ ਜਾਣਾ ।



ਡਾ. ਰਣਜੀਤ ਸਿੰਘ

ਬਹੁਤੇ ਪਰਿਵਾਰਾਂ ਨੇ ਦੁਧਾਰੂ ਪਸ਼ੂ ਰੱਖਣੇ ਬੰਦ ਕਰ ਦਿੱਤੇ ਹਨ, ਇੰਝ ਘਰਾਂ ਵਿੱਚੋਂ ਦੁੱਧ, ਦਹੀਂ, ਲੱਸੀ, ਮੱਖਣ, ਘੀ ਅਲੋਪ ਹੋ ਰਹੇ ਹਨ । ਚੰਗੀ ਸਿਹਤ ਲਈ ਜਾਣੇ ਜਾਂਦੇ ਪੰਜਾਬੀਆਂ ਵਿੱਚ ਵੀ ਸੰਤੁਲਿਤ ਭੋਜਨ ਦੀ ਘਾਟ ਨਜ਼ਰ ਆਉਣ ਲੱਗ ਪਈ ਹੈ । ਸੰਤੁਲਿਤ ਭੋਜਨ ਸੰਬੰਧੀ ਪ੍ਰਦਰਸ਼ਨੀ ਦਾ ਚੱਕਰ ਬੀਬੀਆਂ ਨੂੰ ਮਾਰਨਾ ਚਾਹੀਦਾ ਹੈ । ਸਬਜ਼ੀਆਂ ਦੀ ਕਾਸ਼ਤ ਵਿਸ਼ੇਸ਼ ਕਰਕੇ ਘਰ ਬਗੀਚੀ ਲਈ ਕਿਸਾਨਾਂ ਨੂੰ ਉਤਸ਼ਾਹਿਤ ਲਈ ਬਣਾਈ ਬਗੀਚੀ ਜ਼ਰੂਰ ਦੇਖਣਾ ਚਾਹੀਦਾ ਹੈ । ਕਣਕ ਦੀ ਬਿਜਾਈ ਲਈ ਛੱਟਾ ਵਿਧੀ ਦਾ ਪ੍ਰਦਰਸ਼ਨ ਵੀ ਜ਼ਰੂਰੀ ਹੈ । ਯੂਨੀਵਰਸਿਟੀ ਦੇ ਪ੍ਰਬੰਧਨਾਂ ਨੂੰ ਵੀ ਬੇਨਤੀ ਹੈ ਕਿ ਸਟਾਲ ਭਾਵੇਂ ਘੱਟ ਲਗਾਏ ਜਾਣ ਪਰ ਮੌਜੂਦਾ ਸਮੱਸਿਆਵਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਵੇ । ਬਦਲਦੇ ਮੌਸਮ ਅਤੇ ਵਧ ਰਹੀ ਤਪਸ਼ ਦਾ ਮੁਕਾਬਲਾ ਕਰਨ ਵਾਲੀਆਂ ਕਿਸਮਾਂ ਬਾਰੇ ਜਾਣਕਾਰੀ ਦੀ ਲੋੜ ਹੈ । ਖੇਤਾਂ ਵਿੱਚ ਪ੍ਰਦਰਸ਼ਨੀਆਂ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ । ਹਰੇਕ ਨੁਕੜ ਉੱਤੇ ਖਾਣ ਪੀਣ ਦੀਆਂ ਦੁਕਾਨਾਂ ਲਗਾਉਣ ਦੀ ਥਾਂ ਦੋ ਤਿੰਨ ਥਾਵਾਂ ਨਿਸ਼ਚਤ ਕਰਨ ਦੀ ਲੋੜ ਹੈ । ਇਹ ਖਾਸ ਖਿਆਲ ਰੱਖਿਆ ਜਾਵੇ ਕਿ ਖਾਣ ਪੀਣ ਵਾਲੀਆਂ ਵਸਤਾਂ ਚੰਗੀ ਤਰ੍ਹਾਂ ਢੱਕੀਆਂ, ਸਾਫ-ਸੁਥਰੀਆਂ ਅਤੇ ਸੁਚੱਜੇ ਢੰਗ ਨਾਲ ਬਣਾਈਆਂ ਹੋਣ । ਉਹ ਸੁਨੇਹੇ ਜਿਨ੍ਹਾਂ ਦਾ ਕਿਸਾਨਾਂ ਤੱਕ ਪਹੁੰਚਣਾ ਜ਼ਰੂਰੀ ਹੈ ਉਨ੍ਹਾਂ ਬਾਰੇ ਜਾਣਕਾਰੀ ਵਿਸ਼ੇਸ਼ ਢੰਗ ਨਾਲ ਦਿੱਤੀ ਜਾਵੇ । ਬੀਜ ਵਿਕਰੀ ਕੇਂਦਰ ਵਿੱਚ ਬੀਜ ਦੀ ਹਰੇਕ ਥੈਲੀ ਨਾਲ ਇੱਕ ਪਰਚਾ ਲਗਾਇਆ ਜਾਵੇ ਜਿਸ ਉੱਤੇ ਕਿਸਮ ਦਾ ਨਾਮ ਅਤੇ ਕਾਸ਼ਤ ਸੰਬੰਧੀ ਸਿਫ਼ਾਰਸ਼ਾਂ ਲਿਖਿਆਂ ਹੋਣ । ਮੀਂਹ ਦੇ ਪਾਣੀ ਦੀ ਸੰਭਾਲ, ਪਾਣੀ ਦੀ ਬੱਚਤ, ਘੱਟ ਸਮਾਂ ਲੈਣ ਵਾਲੀਆਂ ਫ਼ਸਲਾਂ ਦੀਆਂ ਕਿਸਮਾਂ ਸੰਬੰਧੀ ਜਾਣਕਾਰੀ ਦੇਣ ਲਈ ਵਿਸ਼ੇਸ਼ ਪ੍ਰਦਰਸ਼ਨੀ ਕੇਂਦਰ ਬਣਾਇਆ ਜਾਵੇ । ਮੇਲੇ ਦੇ ਪ੍ਰੋਗਰਾਮ ਅਤੇ ਇਸ ਦੀ ਰੂਪ ਰੇਖਾ ਵਿੱਚ ਬਦਲਦੇ ਸਮੇਂ ਦੀਆਂ ਲੋੜਾਂ ਅਨੁਸਾਰ ਤਬਦੀਲੀਆਂ ਕਰ ਲੈਣੀਆਂ ਚਾਹੀਦੀਆਂ ਹਨ । ਜਦੋਂ 1967 ਵਿੱਚ ਮੇਲਾ ਸ਼ੁਰੂ ਹੋਇਆ ਸੀ ਉਦੋਂ ਦੀ ਤੇ ਹੁਣ ਦੀ ਖੇਤੀ ਵਿੱਚ ਬਹੁਤ ਫ਼ਰਕ ਆ ਗਿਆ ਹੈ । ਵਿਭਾਗਾਂ ਦੇ ਸਟਾਲਾਂ ਵਿੱਚ ਬਹੁਤ ਸਾਰੇ ਚਾਰਟ ਲਗਾਏ ਜਾਂਦੇ ਹਨ ਜਿਨ੍ਹਾਂ ਰਾਹੀਂ ਵੱਧ ਤੋਂ ਵੱਧ ਜਾਣਕਾਰੀ ਦੇਣ ਦਾ ਯਤਨ ਕੀਤਾ ਜਾਂਦਾ ਹੈ । ਕਿਸੇ ਕੋਲ ਇਤਨਾ ਸਮਾਂ ਨਹੀਂ ਕਿ ਇਨ੍ਹਾਂ ਨੂੰ ਪੂਰਾ ਪੜ੍ਹਿਆ ਜਾਵੇ । ਵਿਭਾਗ ਦੀ ਪ੍ਰਾਪਤੀਆਂ ਦੱਸਣ ਦੀ ਲੋੜ ਨਹੀਂ ਹੈ ਸਗੋਂ ਆਉਣ ਵਾਲੀ ਹਾੜ੍ਹੀ ਦੀਆਂ ਫ਼ਸਲਾਂ ਸੰਬੰਧੀ ਨਵੀਆਂ ਅਤੇ ਜ਼ਰੂਰੀ ਜਾਣਕਾਰੀਆਂ ਸੁਚੱਜੇ ਢੰਗ ਨਾਲ ਪ੍ਰਦਰਸ਼ਿਤ ਕੀਤੀਆਂ ਜਾਣ । ਮੇਲੇ ਦੇ ਰਾਹ ਨੂੰ ਵਿਸ਼ੇਸ਼ ਸੁਨੇਹਿਆਂ ਰਾਹੀਂ ਸ਼ਿੰਗਾਰਿਆ ਜਾਵੇ ਤਾਂ ਜੋ ਕਿਸਾਨ ਇਨ੍ਹਾਂ ਨੂੰ ਮਨ ਵਸਾਵੇ ਤੇ ਇਨ੍ਹਾਂ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਦਾ ਯਤਨ ਕਰੇ ।

ਮੇਲੇ ਵਿੱਚ ਆਉਣ ਵਾਲੇ ਕਿਸਾਨਾਂ ਨੂੰ ਵੀ ਅਪੀਲ ਹੈ ਕਿ ਜੇਕਰ ਹੋ ਸਕੇ ਤਾਂ ਆਪਣੇ ਨਾਲ ਆਪਣੀਆਂ ਜੀਵਨ ਸਾਥਣਾਂ ਨੂੰ ਵੀ ਜ਼ਰੂਰ ਲਿਆਵੋ । ਉਨ੍ਹਾਂ ਦੇ ਸਿੱਖਣ ਲਈ ਵੀ ਬਹੁਤ ਕੁੱਝ ਹੈ । ਤੁਸੀਂ ਦੂਰੋਂ-ਦੂਰੋਂ ਪੈਸੇ ਖਰਚ ਕਰਕੇ ਆਉਂਦੇ ਹੋ ਇਸ ਕਰਕੇ ਕੇਵਲ ਬੀਜ ਖਰੀਦ ਕੇ ਹੀ ਵਾਪਸ ਨਾ ਚਲੇ ਜਾਵੋ ਸਗੋਂ ਨਵੀਆਂ ਜਾਣਕਾਰੀਆਂ ਵਾਲੀਆਂ ਪ੍ਰਦਰਸ਼ਨੀਆਂ ਜ਼ਰੂਰ ਵੇਖੋ । ਸਿਧੀ ਬਿਜਾਈ ਵਾਲੇ ਕਣਕ ਦੇ ਖੇਤ, ਕੁਦਰਤੀ ਖੇਤੀ ਵਾਲੇ ਖੇਤ, ਪਰਾਲੀ ਦੀ ਸਾਂਭ ਸੰਭਾਲ ਦੇ ਢੰਗ ਤਰੀਕਿਆਂ ਦੇ ਪ੍ਰਦਰਸ਼ਨ ਜ਼ਰੂਰ ਵੇਖੇ ਜਾਣ । ਬੀਬੀਆਂ ਨੂੰ ਭੋਜਨ ਵਿਗਿਆਨ ਅਤੇ ਕਮਿਊਨਿਟੀ ਕਾਲਜ ਦੀਆਂ ਪ੍ਰਦਰਸ਼ਨੀਆਂ ਜ਼ਰੂਰ ਦੇਖਣੀਆਂ ਚਾਹੀਦੀਆਂ ਹਨ । ਸਸਤਾ ਅਤੇ ਸੰਤੁਲਿਤ ਭੋਜਨ ਕਿਵੇਂ ਤਿਆਰ ਕੀਤਾ ਜਾ ਸਕਦਾ ਹੈ । ਇਸ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਚਾਹੀਦੀ ਹੈ ਕਿਉਂਕਿ ਪੰਜਾਬ ਵਾਸੀਆਂ ਵਿੱਚ ਸੰਤੁਲਿਤ ਭੋਜਨ ਦੀ ਘਾਟ ਆ ਰਹੀ ਹੈ ਜਿਸ ਦਾ ਅਸਰ ਉਨ੍ਹਾਂ ਦੀ ਸਿਹਤ ਉੱਤੇ ਪੈ ਰਿਹਾ ਹੈ । ਹਾੜ੍ਹੀ ਦੀ ਮੁੱਖ ਫ਼ਸਲ ਕਣਕ ਹੈ । ਉਨ੍ਹਾਂ ਕਿਸਮਾਂ ਬਾਰੇ ਗਿਆਨ ਪ੍ਰਾਪਤ ਕਰੋ ਜਿਹੜੀਆਂ ਮੌਸਮੀ ਤਬਦੀਲੀਆਂ ਦਾ ਮੁਕਾਬਲਾ ਕਰ ਸਕਦੀਆਂ ਹਨ । ਵੱਧ ਝਾੜ ਦੇਣ ਵਾਲੀਆਂ ਸਰ੍ਹੋਂ, ਰਾਇਆ ਅਤੇ ਤੋਰੀਏ ਦੀਆਂ ਕਿਸਮਾਂ ਦੇ ਬੀਜ ਲੈ ਕੇ ਜਾਵੋ । ਖੇਤੀ ਵਿੱਚ ਤੁਹਾਨੂੰ ਕਿਹੜੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਇਹ ਲਿਖ ਕੇ ਲਿਆਵੋ ਅਤੇ ਸੰਬੰਧਿਤ ਮਾਹਿਰ ਨਾਲ ਇਸ ਸੰਬੰਧੀ ਵਿਚਾਰ ਵਿਟਾਂਦਰਾ ਕੀਤਾ ਜਾਵੇ । ਸਰਦੀਆਂ ਦੀਆਂ ਸਬਜ਼ੀਆਂ ਦੀ ਬਿਜਾਈ ਦਾ ਸਮਾਂ ਆ ਗਿਆ ਹੈ । ਸਬਜ਼ੀਆਂ ਦੇ ਬੀਜਾਂ ਵਾਲੀ ਕਿੱਟ ਜ਼ਰੂਰ ਲੈ ਕੇ ਜਾਵੋ ਅਤੇ ਬੰਬੀ ਲਾਗੇ ਸਬਜ਼ੀ ਬਗੀਚੀ ਬਣਾਈ ਜਾਵੇ । ਭੋਜਨ ਵਿੱਚ ਸਬਜ਼ੀਆਂ ਦਾ ਹੋਣਾ ਜ਼ਰੂਰੀ ਹੈ ਪਰ ਇਨ੍ਹਾਂ ਦਾ ਪੂਰਾ ਲਾਭ ਘਰ ਦੀ ਤਾਜੀ ਸਬਜ਼ੀ ਨਾਲ ਹੀ ਪ੍ਰਾਪਤ ਹੋ ਸਕਦਾ ਹੈ । ਫ਼ਲਦਾਰ ਬੂਟੇ ਅਜੇ ਵੀ ਲਗਾਏ ਜਾ ਸਕਦੇ ਹਨ । ਘੱਟੋ-ਘੱਟ ਇੱਕ ਨਿੰਬੂ ਦਾ ਤੇ ਇੱਕ ਅਮਰੂਦ ਦਾ ਬੂਟਾ ਜ਼ਰੂਰ ਲੈ ਕੇ ਜਾਵੋ । ਅੰਬ ਅਤੇ ਕਿੰਨੂ ਦੇ ਬੂਟੇ ਵੀ ਲਗਾਏ ਜਾ ਸਕਦੇ ਹਨ । ਯੂਨੀਵਰਸਿਟੀ ਦੀਆਂ ਕਿਤਾਬਾਂ ਦੇ ਸਟਾਲ ਤੇ ਜ਼ਰੂਰ ਜਾਵੋ ਅਤੇ ਆਪਣੀ ਲੋੜ ਅਨੁਸਾਰ ਕਿਤਾਬਾਂ ਦੀ ਖਰੀਦ ਕਰੋ । ਇਹ ਗਿਆਨ ਦਾ ਮੇਲਾ ਹੈ । ਇੱਥੋਂ ਵੱਧ ਤੋਂ ਵੱਧ ਗਿਆਨ ਪ੍ਰਾਪਤ ਕਰਕੇ ਜਾਣਾ ਚਾਹੀਦਾ ਹੈ ਤਾਂ ਜੋ ਮੇਲੇ ਵਿੱਚ ਆਉਣ ਦਾ ਪੂਰਾ ਲਾਭ ਪ੍ਰਾਪਤ ਹੋ ਸਕੇ । ਲੁਧਿਆਣੇ ਵਾਲਾ ਮੇਲਾ 26-27 ਸਤੰਬਰ ਨੂੰ ਹੋ ਰਿਹਾ ਹੈ । ਜੇਕਰ ਕਿਸੇ ਕਾਰਨ ਇੱਥੇ ਨਾ ਆਇਆ ਜਾ ਸਕੇ ਤਾਂ ਆਪਣੇ ਇਲਾਕੇ ਵਿੱਚ ਲੱਗਣ ਵਾਲੇ ਮੇਲੇ ਵਿੱਚ ਜ਼ਰੂਰ ਜਾਵੋ । ਬੱਲੋਵਾਲ ਸੌਂਖੜੀ (ਨਵਾਂ ਸ਼ਹਿਰ) 12 ਸਤੰਬਰ, ਰੌਣੀ (ਪਟਿਆਲਾ) 16 ਸਤੰਬਰ, ਫ਼ਰੀਦਕੋਟ 18 ਸਤੰਬਰ, ਗੁਰਦਾਸਪੁਰ 24 ਸਤੰਬਰ, ਬਠਿੰਡਾ 30 ਸਤੰਬਰ ਅਤੇ ਅੰਮ੍ਰਿਤਸਰ ਨੇੜੇ ਨਾਗ ਕਲਾਂ ਜਹਾਂਗੀਰ ਵਿਖੇ 1 ਅਕਤੂਬਰ ਨੂੰ ਕਿਸਾਨ ਮੇਲਾ ਲਗਾਇਆ ਜਾਵੇਗਾ ।



**'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ' ਦੀ ਕਹਾਵਤ ਭਾਵੇਂ ਪਿਛਲੀਆਂ ਸਦੀਆਂ ਵਿੱਚ ਕੇਂਦਰੀ ਏਸ਼ੀਆ ਤੋਂ ਹਮਲਾਵਰਾਂ ਦੇ ਵਾਰ-ਵਾਰ ਪੰਜਾਬ 'ਤੇ ਹਮਲੇ ਕਰਨ ਅਤੇ ਪੰਜਾਬ ਦੇ ਬਸ਼ਿੰਦਿਆਂ ਵਲੋਂ ਉਨ੍ਹਾਂ ਦਾ ਨਿਰੰਤਰ ਮੁਕਾਬਲਾ ਕਰਨ ਦੇ ਸੰਦਰਭ ਵਿੱਚ ਪ੍ਰਚੱਲਿਤ ਹੋਈ ਸੀ, ਪਰ ਕਈ ਪਹਿਲੂਆਂ ਤੋਂ ਇਹ ਕਹਾਵਤ ਅੱਜ ਵੀ ਪ੍ਰਸੰਗਿਕ ਹੈ। ਅੱਜ ਵੀ ਅਨੇਕਾਂ ਦਿਸ਼ਾਵਾਂ ਅਤੇ ਅਨੇਕਾਂ ਪਹਿਲੂਆਂ ਤੋਂ ਪੰਜਾਬ ਅਤੇ ਪੰਜਾਬੀਆਂ ਨੂੰ ਵੱਡੀਆਂ ਚੁਣੌਤੀਆਂ ਦਾ ਵਾਰ-ਵਾਰ ਸਾਹਮਣਾ ਕਰਨਾ ਪੈ ਰਿਹਾ ਹੈ।**



# ਹੜ੍ਹ ਪ੍ਰਭਾਵਿਤ ਲੋਕਾਂ ਦੀ ਸਾਰ ਲੈਣ ਦੀ ਲੋੜ

**ਸਤਨਾਮ ਸਿੰਘ ਮਾਣਕ**

ਅਜੋਕੇ ਸਮੇਂ ਵਿੱਚ ਵੀ ਜਿੱਥੇ ਪੰਜਾਬੀਆਂ ਨੂੰ ਕੇਂਦਰੀ ਸਰਕਾਰਾਂ ਦੀਆਂ ਧੱਕੇਸ਼ਾਹੀਆਂ ਅਤੇ ਵਿਤਕਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉੱਥੇ ਪਾਕਿਸਤਾਨ ਦੀ ਧਰਤੀ ਤੋਂ ਭਾਰਤ ਵਿਰੁੱਧ ਛੇੜੀ ਗਈ ਅਜਿਹੀ ਅਸਿੱਧੀ ਜੰਗ (Proxy war) ਦਾ ਵੀ ਜ਼ਿਆਦਾ ਸੰਤਾਪ ਪੰਜਾਬ ਨੂੰ ਹੀ ਭੁਗਤਣਾ ਪੈ ਰਿਹਾ ਹੈ। ਪਾਕਿਸਤਾਨ ਦੀ ਧਰਤੀ ਤੋਂ ਭਾਰਤ ਵਿਰੁੱਧੀ ਸ਼ਕਤੀਆਂ ਵੱਲੋਂ ਉਸ ਦੀ ਸਥਾਪਤੀ ਦੀ ਮਿਲੀ ਭੁਗਤ ਨਾਲ ਜੋ ਆਂਤਕ ਨਸ਼ੀਲੇ ਪਦਾਰਥਾਂ ਅਤੇ ਨਾਜਾਇਜ਼ ਹਥਿਆਰਾਂ ਦੀ ਡਰੋਨਾ ਰਾਹੀਂ ਭਾਰਤ ਅੰਦਰ ਤਸਕਰੀ ਕੀਤੀ ਜਾ ਰਹੀ ਹੈ, ਉਸ ਤੋਂ ਵੀ ਜ਼ਿਆਦਾ ਪੰਜਾਬ ਹੀ ਪ੍ਰਭਾਵਿਤ ਹੋ ਰਿਹਾ ਹੈ। ਪੰਜਾਬ ਵਿੱਚ ਹੀ ਵਧੇਰੇ ਨਸ਼ੀਲੇ ਪਦਾਰਥ ਅਤੇ ਹਥਿਆਰ ਸੁੱਟੇ ਜਾ ਰਹੇ ਹਨ। ਇਸ ਬਾਰੇ ਵੀ ਕੋਈ ਦੋ ਰਾਵਾਂ ਨਹੀਂ ਕਿ ਇਨ੍ਹਾਂ ਨੂੰ ਪ੍ਰਾਪਤ ਕਰਨ ਵਾਲੇ ਵੀ ਵਧੇਰੇ ਗਿਣਤੀ ਵਿੱਚ ਪੰਜਾਬ ਦੇ ਰਹਿਣ ਵਾਲੇ ਅਜਿਹੇ ਸਮਾਜ ਵਿਰੋਧੀ ਅਨਸਰ ਹਨ, ਜਿਨ੍ਹਾਂ ਨੂੰ ਪੰਜਾਬੀ ਕਹਿਣਾ ਵੀ ਔਖਾ ਲੱਗਦਾ ਹੈ। ਪਰ ਇਸ ਵਰਤਾਰੇ ਦਾ ਬਿਨਾ ਸ਼ੱਕ ਵੱਡਾ ਭੋਗੀ ਪੰਜਾਬ ਹੀ ਹੈ। ਇਸੇ ਦਰਮਿਆਨ ਕੁਦਰਤ ਵੀ ਵਾਰ-ਵਾਰ ਪੰਜਾਬੀਆਂ ਦਾ ਇਮਤਿਹਾਨ ਲੈ ਰਹੀ ਹੈ। ਪਿਛਲੇ ਕੁਝ ਦਹਾਕਿਆਂ ਵਿੱਚ ਭਾਰਤ ਦੇ ਪਹਾੜੀ ਰਾਜਾਂ ਉਤਰਾਖੰਡ, ਜੰਮੂ-ਕਸ਼ਮੀਰ, ਹਿਮਾਚਲ ਤੇ ਹਰਿਆਣਾ ਦੇ ਨਾਲ-ਨਾਲ ਪੰਜਾਬ ਨੂੰ ਵੀ ਹੜ੍ਹਾਂ ਕਾਰਨ ਵੱਡੀ ਤਬਾਹੀ ਦਾ ਸਾਹਮਣਾ ਕਰਨਾ ਪਿਆ ਹੈ। ਸੰਨ 1988 ਵਿੱਚ ਪੰਜਾਬ ਵਿੱਚ ਹੜ੍ਹਾਂ ਕਾਰਨ ਹੋਈ ਤਬਾਹੀ ਅੱਜ ਵੀ ਲੋਕਾਂ ਨੂੰ ਯਾਦ ਹੈ। ਜਦੋਂ ਰਾਜ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਸੀ ਅਤੇ ਬਹੁਤ ਸਾਰੀਆਂ ਮੁੱਖ ਸੜਕਾਂ ਵੀ ਟੁੱਟ ਗਈਆਂ ਸਨ। 3 ਲੱਖ ਏਕੜ ਵਿੱਚ ਕਾਸ਼ਤ ਕੀਤੀਆਂ ਗਈਆਂ ਫ਼ਸਲਾਂ ਤਬਾਹ ਹੋ ਗਈਆਂ ਸਨ। 2010 ਵਿੱਚ ਵੀ ਹੜ੍ਹਾਂ ਕਾਰਨ ਪੰਜਾਬ ਦੇ 20 ਜ਼ਿਲ੍ਹੇ ਪ੍ਰਭਾਵਿਤ ਹੋਏ ਸਨ ਅਤੇ ਦੋ ਲੱਖ ਏਕੜ ਜ਼ਮੀਨ ਵਿੱਚ ਬੀਜੀਆਂ ਗਈਆਂ ਫ਼ਸਲਾਂ ਨੂੰ ਭਾਰੀ ਨੁਕਸਾਨ ਪਹੁੰਚਿਆ ਸੀ। 2013 ਵਿੱਚ ਆਏ ਭਿਆਨਕ ਹੜ੍ਹਾਂ ਦਾ ਰਾਜ ਦੇ 10 ਜ਼ਿਲ੍ਹਿਆਂ 'ਤੇ ਅਸਰ ਪਿਆ ਸੀ ਅਤੇ 4.43 ਲੱਖ ਏਕੜ ਵਿੱਚ ਖੜ੍ਹੀਆਂ ਫ਼ਸਲਾਂ ਬਰਬਾਦ ਹੋ ਗਈਆਂ ਸਨ। 2019 ਵਿੱਚ ਆਏ ਹੜ੍ਹਾਂ ਕਾਰਨ ਜਲੰਧਰ, ਕਪੂਰਥਲਾ, ਰੂਪਨਗਰ ਅਤੇ ਲੁਧਿਆਣਾ ਆਦਿ ਜ਼ਿਲ੍ਹਿਆਂ ਦੇ 300 ਤੋਂ ਵੱਧ ਪਿੰਡ



ਪ੍ਰਭਾਵਿਤ ਹੋਏ ਸਨ ਅਤੇ ਇਨ੍ਹਾਂ ਹੜ੍ਹਾਂ ਕਾਰਨ ਵੀ ਹਜ਼ਾਰਾਂ ਏਕੜਾਂ ਵਿੱਚ ਕਾਸ਼ਤ ਕੀਤੀਆਂ ਗਈਆਂ ਫ਼ਸਲਾਂ ਦਾ ਨੁਕਸਾਨ ਹੋਇਆ ਸੀ। ਇਸੇ ਤਰ੍ਹਾਂ 2023 ਵਿੱਚ ਵੱਡੀ ਪੱਧਰ 'ਤੇ ਆਏ ਹੜ੍ਹਾਂ ਕਾਰਨ ਰਾਜ ਦੇ 19 ਜ਼ਿਲ੍ਹੇ ਪ੍ਰਭਾਵਿਤ ਹੋਏ ਸਨ, ਖ਼ਾਸ ਕਰਕੇ ਪਟਿਆਲਾ, ਮੁਹਾਲੀ, ਤਰਨਤਾਰਨ ਅਤੇ ਫਤਹਿਗੜ੍ਹ ਸਾਹਿਬ ਵਿੱਚ ਭਾਰੀ ਨੁਕਸਾਨ ਹੋਇਆ ਸੀ। ਔਸਤਨ 3 ਲੱਖ ਏਕੜਾਂ ਵਿੱਚ ਕਾਸ਼ਤ ਕੀਤੀਆਂ ਫ਼ਸਲਾਂ ਬਰਬਾਦ ਹੋ ਗਈਆਂ ਸਨ।

ਪਿਛਲੇ ਕੁਝ ਦਿਨਾਂ ਤੋਂ ਹੜ੍ਹਾਂ ਕਾਰਨ ਪੰਜਾਬ ਵਿੱਚ ਜੋ ਬਰਬਾਦੀ ਹੋ ਰਹੀ ਹੈ, ਉਹ ਅਸੀਂ ਆਪਣੀਆਂ ਅੱਖਾਂ ਨਾਲ ਦੇਖ ਰਹੇ ਹਾਂ। ਹਿਮਾਚਲ ਵਿਚ ਭਾਰੀ ਵਾਰਿਸ਼ ਪੈਣ ਨਾਲ ਪੰਜਾਬ ਰਾਜ ਵਿੱਚ ਵਗਣ ਵਾਲੇ ਦਰਿਆ, ਸਤਲੁਜ, ਬਿਆਸ ਅਤੇ ਰਾਵੀ ਨਿੱਤ ਨਵੀਂ ਤਬਾਹੀ ਅਤੇ ਬਰਬਾਦੀ ਦੀਆਂ ਖ਼ਬਰਾਂ ਦੇ ਰਹੇ ਹਨ। ਇਸ ਵਾਰ ਵੀ ਦਰਿਆਵਾਂ ਨਾਲ ਲੱਗਦੇ ਜ਼ਿਲ੍ਹੇ ਗੁਰਦਾਸਪੁਰ, ਹੁਸ਼ਿਆਰਪੁਰ, ਕਪੂਰਥਲਾ, ਫਿਰੋਜ਼ਪੁਰ, ਫਾਜ਼ਿਲਕਾ, ਤਰਨ ਤਾਰਨ, ਅੰਮ੍ਰਿਤਸਰ ਅਤੇ ਪਠਾਨਕੋਟ ਵਧੇਰੇ ਪ੍ਰਭਾਵਿਤ ਹੋਏ ਹਨ। ਇਹ ਲੇਖ ਲਿਖੇ ਜਾਣ ਤੱਕ ਵੀ ਵੱਖ-ਵੱਖ ਇਲਾਕਿਆਂ ਤੋਂ ਦਰਿਆਵਾਂ ਵਿੱਚ ਵੱਡੀ ਪੱਧਰ 'ਤੇ ਡੈਮਾਂ ਤੋਂ ਪਾਣੀ ਛੱਡੇ ਜਾਣ ਦੀਆਂ ਖ਼ਬਰਾਂ ਆ ਰਹੀਆਂ ਹਨ ਅਤੇ ਦਰਿਆ ਨਵੇਂ ਤੋਂ ਨਵੇਂ ਖ਼ੇਤਰਾਂ ਨੂੰ ਆਪਣੀ ਲਪੇਟ ਵਿੱਚ ਲੈਂਦੇ ਜਾ ਰਹੇ ਹਨ। ਮਾਧੋਪੁਰ ਵਿੱਚ ਰਾਵੀ 'ਤੇ ਬਣੇ ਹੈਡਵਰਕਸ ਦੇ ਕਈ ਗੇਟ ਟੁੱਟ ਗਏ ਹਨ, ਜਿਸ ਕਾਰਨ ਗੁਰਦਾਸਪੁਰ ਜ਼ਿਲ੍ਹੇ ਦੇ ਡੇਰਾ ਬਾਬਾ ਨਾਨਕ, ਅਜਨਾਲਾ ਤੇ ਹੋਰ ਇਲਾਕੇ ਹੋਰ ਵਧੇਰੇ ਹੜ੍ਹ ਦੀ ਮਾਰ ਹੇਠ ਆ ਗਏ ਹਨ। ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਵੀ ਵਿਸ਼ੇਸ਼ ਤੌਰ 'ਤੇ ਵਧੇਰੇ ਪ੍ਰਭਾਵਿਤ ਹੋਏ ਹਨ। ਫਿਰੋਜ਼ਪੁਰ ਦੇ ਦਰਜਨਾਂ ਪਿੰਡਾਂ ਵਿੱਚ ਪਾਣੀ ਭਰ ਗਿਆ ਹੈ। ਪ੍ਰਸ਼ਾਸਨ ਵੱਲੋਂ ਪਾਣੀ ਵਿੱਚ ਘਿਰੇ ਲੋਕਾਂ ਨੂੰ ਕੱਢ ਕੇ 12 ਕੈਂਪਾਂ ਵਿੱਚ ਰੱਖਣ ਦਾ ਪ੍ਰਬੰਧ ਕੀਤਾ ਗਿਆ ਹੈ। ਇਸੇ ਤਰ੍ਹਾਂ ਹੋਰ ਜ਼ਿਲ੍ਹਿਆਂ ਵਿੱਚ ਵੀ ਲੋਕਾਂ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚੋਂ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਰੱਖਣ ਦਾ ਅਮਲ ਚੱਲ ਰਿਹਾ ਹੈ। ਹੁਣ ਤੱਕ ਦੀਆਂ ਖ਼ਬਰਾਂ ਅਨੁਸਾਰ ਰਾਜ ਵਿੱਚ 24 ਤੋਂ ਵੱਧ ਲੋਕਾਂ ਦੀਆਂ ਹੜ੍ਹ ਕਾਰਨ ਮੌਤਾਂ ਵੀ ਹੋ ਗਈਆਂ ਹਨ। ਸਮੁੱਚੇ ਤੌਰ 'ਤੇ 500 ਤੋਂ ਵੱਧ ਪਿੰਡਾਂ ਵਿੱਚ ਪਾਣੀ ਭਰ ਗਿਆ ਹੈ। 16 ਹਜ਼ਾਰ ਤੋਂ ਵੱਧ ਲੋਕਾਂ ਨੂੰ ਹੜ੍ਹ ਮਾਰੇ ਖੇਤਰਾਂ ਵਿੱਚੋਂ ਬਾਹਰ ਕੱਢਿਆ ਗਿਆ ਹੈ। ਇੱਕ ਅੰਦਾਜ਼ੇ ਮੁਤਾਬਿਕ 2.90 ਲੱਖ ਏਕੜ ਰਕਬੇ ਵਿੱਚ ਫ਼ਸਲਾਂ ਦਾ ਨੁਕਸਾਨ ਹੋ ਗਿਆ ਹੈ। ਬਿਨਾ ਸ਼ੱਕ ਸਥਾਨਕ ਪ੍ਰਸ਼ਾਸਨ, ਐਨ. ਡੀ. ਆਰ. ਐਫ., ਥਲ ਫ਼ੌਜ ਅਤੇ ਹਵਾਈ ਫ਼ੌਜ ਵੱਲੋਂ ਵੱਖ-ਵੱਖ ਇਲਾਕਿਆਂ ਵਿੱਚ ਰਾਹਤ ਕਾਰਜ ਆਰੰਭੇ ਗਏ ਹਨ। ਇਸ ਸਮੇਂ ਸਾਰਾ ਜ਼ੋਰ ਪਾਣੀ ਵਿੱਚ ਘਿਰੇ ਪਿੰਡਾਂ ਦੇ ਲੋਕਾਂ ਨੂੰ ਕੱਢ ਕੇ ਸੁਰੱਖਿਅਤ ਥਾਵਾਂ 'ਤੇ ਲਿਆਉਣ 'ਤੇ ਲੱਗ ਰਿਹਾ ਹੈ।

ਸਮੁੱਚੇ ਤੌਰ 'ਤੇ ਇਨ੍ਹਾਂ ਹੜ੍ਹਾਂ ਨਾਲ ਸਮਾਜ ਦੇ ਵੱਖ-ਵੱਖ ਵਰਗਾਂ ਦਾ ਕਿੰਨਾ ਤੇ ਕਿਹੋ ਜਿਹਾ ਨੁਕਸਾਨ ਹੋਇਆ ਹੈ, ਇਸ ਦੀ ਹਕੀਕੀ ਜਾਣਕਾਰੀ ਤਾਂ ਬਾਅਦ ਵਿੱਚ ਸਾਹਮਣੇ ਆਵੇਗੀ ਪਰ ਪ੍ਰਤੱਖ ਤੌਰ 'ਤੇ ਇਹ ਨਜ਼ਰ ਆ ਰਿਹਾ ਹੈ ਕਿ ਕਿਸਾਨਾਂ ਅਤੇ ਖੇਤੀਬਾੜੀ ਦਾ ਬਹੁਤ ਵੱਡਾ ਨੁਕਸਾਨ ਹੋ ਚੁੱਕਾ ਹੈ। ਇੱਥੋਂ ਤੱਕ ਵੀ ਖ਼ਬਰਾਂ ਆ ਰਹੀਆਂ ਹਨ ਕਿ ਬਹੁਤੀਆਂ ਥਾਵਾਂ 'ਤੇ ਕਿਸਾਨ ਅਤੇ ਦਿਹਾਤੀ ਲੋਕ ਆਪਣੇ ਪਸ਼ੂਆਂ ਨੂੰ ਵੀ ਸੁਰੱਖਿਅਤ ਥਾਵਾਂ 'ਤੇ ਲਿਆਉਣ ਵਿੱਚ ਅਸਫਲ ਰਹੇ ਹਨ ਅਤੇ ਬਹੁਤ ਸਾਰੇ ਪਸ਼ੂ ਹੜ੍ਹਾਂ ਵਿੱਚ ਵਹਿ ਗਏ ਹਨ, ਬਹੁਤ ਸਾਰੇ ਮਰ ਵੀ ਗਏ ਹਨ।

ਇਸ ਨੁਕਸਾਨ ਲਈ ਕੁਦਰਤ ਕਿੰਨੀ ਜ਼ਿੰਮੇਵਾਰ ਹੈ ਅਤੇ ਮਨੁੱਖ ਵੱਲੋਂ ਕੁਦਰਤ ਨਾਲ ਕੀਤੀ ਜਾ ਰਹੀ ਛੇੜਛਾੜ ਕਿਸ ਹੱਦ ਤੱਕ ਜ਼ਿੰਮੇਵਾਰ ਹੈ, ਪੰਜਾਬ ਦੀਆਂ ਸਰਕਾਰਾਂ ਵਾਰ-ਵਾਰ ਆਉਂਦੇ ਹੜ੍ਹਾਂ ਨਾਲ ਨਿਪਟਣ ਲਈ ਕੋਈ ਠੋਸ ਯੋਜਨਾਬੰਦੀ ਕਰਨ ਵਿੱਚ ਕਿਉਂ ਅਸਫਲ ਰਹੀਆਂ ਹਨ, ਪੈਦਾ ਹੋਏ ਮੌਜੂਦਾ ਸੰਤਾਪ ਨਾਲ ਪ੍ਰਸ਼ਾਸਨ ਕਿੰਨੀ ਕੁ ਸਫ਼ਲਤਾ ਨਾਲ ਨਿਪਟ ਰਿਹਾ ਹੈ ਜਾਂ ਨਹੀਂ ਨਿਪਟ ਰਿਹਾ, ਇਹ ਸਾਰੇ ਸੰਬੰਧੀ ਸਵਾਲ ਕਰਨ ਜਾਂ ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣੇ ਵੀ ਜ਼ਰੂਰੀ ਹਨ, ਪਰ ਇਸ ਲਈ ਅਜੇ ਇਹ ਢੁਕਵਾਂ ਸਮਾਂ ਨਹੀਂ ਹੈ। ਇਸ ਸਮੇਂ ਤਾਂ ਮੁੱਖ ਲੋੜ ਇਹ ਹੈ ਕਿ ਅਸੀਂ ਆਪਣੇ ਕਿਸਾਨ ਭਰਾਵਾਂ ਅਤੇ ਦਿਹਾਤੀ ਲੋਕਾਂ, ਜੋ ਹੜ੍ਹਾਂ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ, ਉਨ੍ਹਾਂ ਦੀ ਬਾਂਹ ਫੜੀਏ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਸ ਸੰਬੰਧ ਵਿੱਚ ਪਹਿਲ ਕਰਦਿਆਂ ਰਾਜ ਦੇ ਵੱਖ-ਵੱਖ ਖੇਤਰਾਂ ਵਿੱਚ ਸਥਿਤ ਗੁਰਦੁਆਰਿਆਂ ਦੀਆਂ ਕਮੇਟੀਆਂ ਨੂੰ ਹੜ੍ਹ ਪ੍ਰਭਾਵਿਤ ਲੋਕਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਲਈ ਕਿਹਾ ਹੈ। ਇਹ ਚੰਗੀ ਗੱਲ ਹੈ, ਪਰ ਉਸ ਨੂੰ ਅਜਿਹੀਆਂ ਹਦਾਇਤਾਂ ਦੇ ਕੇ ਸੁਰਖਰੂ ਨਹੀਂ ਹੋ ਜਾਣਾ ਚਾਹੀਦਾ। ਸਗੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਜਿੰਦਰ ਸਿੰਘ ਧਾਮੀ ਨੂੰ ਆਪ ਦੇਖਣਾ ਚਾਹੀਦਾ ਹੈ ਕਿ ਕਿਹੜੇ-ਕਿਹੜੇ ਪ੍ਰਭਾਵਿਤ ਇਲਾਕਿਆਂ ਕਿਹੜੇ-ਕਿਹੜੇ ਗੁਰਦੁਆਰਾ ਸਾਹਿਬ ਤੋਂ ਲੋਕਾਂ ਨੂੰ ਲੰਗਰ ਅਤੇ ਹੋਰ ਲੋੜੀਂਦੀ ਸਹਾਇਤਾ ਦਿੱਤੀ ਜਾ ਸਕਦੀ ਹੈ। ਇਸ ਦੇ ਨਾਲ ਹੀ ਰਾਜ ਦੀਆਂ ਹੋਰ ਰਾਜਨੀਤਕ, ਧਾਰਮਿਕ, ਸਮਾਜਿਕ ਸੰਸਥਾਵਾਂ ਅਤੇ ਇੱਥੋਂ ਤੱਕ ਕਿ ਆਮ ਸਰਦੇ-ਪੁਜਦੇ ਲੋਕਾਂ ਨੂੰ ਵੀ ਆਪੋ-ਆਪਣੇ ਢੰਗ ਨਾਲ ਕਿਸਾਨਾਂ ਅਤੇ ਹੋਰ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਆਉਣਾ ਚਾਹੀਦਾ ਹੈ। ਰਾਜ ਦੇ ਵੱਖ-ਵੱਖ ਖੇਤਰਾਂ ਤੋਂ ਹੁਣ ਇਹ ਖ਼ਬਰਾਂ ਆ ਵੀ ਰਹੀਆਂ ਹਨ ਕਿ ਸਰਕਾਰ ਪ੍ਰਸ਼ਾਸਨ ਦੇ ਨਾਲ-ਨਾਲ ਹੋਰ ਰਾਜਨੀਤਕ, ਸਮਾਜਿਕ ਤੇ ਧਾਰਮਿਕ ਜਥੇਬੰਦੀਆਂ ਵੀ ਹੜ੍ਹ ਪੀੜਤ ਲੋਕਾਂ ਦੀ ਮਦਦ 'ਤੇ ਆ ਗਈਆਂ ਹਨ। ਲੰਗਰ ਲਾਏ ਜਾ ਰਹੇ ਹਨ ਤੇ ਲੋੜੀਂਦੀਆਂ ਹੋਰ ਵਸਤਾਂ ਪਹੁੰਚਾਈਆਂ ਜਾ ਰਹੀਆਂ ਹਨ। ਪੰਜਾਬ ਦੀ ਇਹ ਇੱਕ ਚੰਗੀ ਪਰੰਪਰਾ ਹੈ, ਇਸ ਨੂੰ ਬਣਾਈ ਰੱਖਣਾ ਚਾਹੀਦਾ ਹੈ। ਹੜ੍ਹ ਪ੍ਰਭਾਵਿਤ ਲੋਕਾਂ ਨੂੰ ਸਿਰਫ਼ ਚੀਜ਼ਾਂ ਵਸਤਾਂ ਦੇ ਰੂਪ ਵਿੱਚ ਹੀ ਸਹਾਇਤਾ ਨਹੀਂ ਚਾਹੀਦੀ, ਸਗੋਂ ਮਾਨਸਿਕ ਤੌਰ 'ਤੇ ਵੀ ਉਨ੍ਹਾਂ ਦੇ ਹੌਸਲੇ ਵਧਾਉਣ ਦੀ ਲੋੜ ਹੈ। ਵਾਰ-ਵਾਰ ਆਉਂਦੀਆਂ ਮੁਸੀਬਤਾਂ ਮਨੁੱਖ ਦਾ ਮਨੋਬਲ ਤੋੜ ਦਿੰਦੀਆਂ ਹਨ। ਜਿਨ੍ਹਾਂ ਲੋਕਾਂ ਦੇ ਘਰ ਅਤੇ ਖੇਤ ਪਾਣੀ ਵਿੱਚ ਡੁੱਬ ਜਾਣ ਅਤੇ ਉਹ ਆਪਣੇ ਘਰ ਦਾ ਸਾਮਾਨ ਤੱਕ ਨਾ ਬਚਾ ਸਕਣ, ਉਨ੍ਹਾਂ ਨੂੰ ਜਿਹੋ ਜਿਹਾ ਮਾਨਸਿਕ ਸਦਮਾ ਲੱਗਦਾ ਹੈ, ਉਸ ਦੀ ਪੀੜ ਨੂੰ ਪੀੜਤ ਜਾਂ ਪ੍ਰਭਾਵਿਤ ਲੋਕ ਹੀ ਸਮਝ ਸਕਦੇ ਹਨ।

ਇਸ ਸਮੇਂ ਕਿਸਾਨਾਂ ਦੀ ਮਦਦ ਕਰਨਾ ਇਸ ਲਈ ਵੀ ਬੇਹੱਦ ਜ਼ਰੂਰੀ ਹੈ, ਕਿਉਂਕਿ ਉਨ੍ਹਾਂ ਦੀ ਦੇਸ਼ ਲਈ ਇਕ ਤਰ੍ਹਾਂ ਨਾਲ ਫ਼ੌਜ ਤੋਂ ਵੀ ਵੱਧ ਅਹਿਮੀਅਤ ਹੈ। ਫ਼ੌਜ ਦੇਸ਼ ਨੂੰ ਬਾਹਰੀ ਹਮਲਿਆਂ ਤੋਂ ਬਚਾਅ ਕੇ ਭੂਗੋਲਿਕ ਸੁਰੱਖਿਆ ਮੁਹੱਈਆ ਕਰਦੀ ਹੈ ਅਤੇ ਕਿਸਾਨ ਅਨਾਜ, ਫ਼ਲ ਅਤੇ ਸਬਜ਼ੀਆਂ ਪੈਦਾ ਕਰਕੇ ਦੇਸ਼ ਦੇ ਲੋਕਾਂ ਨੂੰ ਖੁਰਾਕੀ ਸੁਰੱਖਿਆ ਮੁਹੱਈਆ ਕਰਦੇ ਹਨ। ਇਹ ਗੱਲ ਸਾਨੂੰ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਜੇਕਰ ਕਿਸੇ ਕਾਰਨ ਕਰਕੇ ਕਿਸਾਨ ਦੇਸ਼ ਦੇ ਲੋਕਾਂ ਨੂੰ ਢੁਕਵੀਂ ਮਾਤਰਾ ਵਿੱਚ ਖੁਰਾਕ ਸੁਰੱਖਿਆ ਮੁਹੱਈਆ ਨਾ ਕਰਾ ਸਕਣ ਤਾਂ ਫ਼ੌਜ ਵੀ ਭੁੱਖੇ ਢਿੱਡਾਂ ਨਾਲ ਸਰਹੱਦਾਂ ਦੀ ਰਾਖੀ ਨਹੀਂ ਕਰ ਸਕਦੀ। ਇਸ ਸੱਚ ਨੂੰ ਸਮਝਦਿਆਂ ਪੰਜਾਬ ਦੇ ਸਾਰੇ ਲੋਕਾਂ ਦਾ ਫ਼ਰਜ਼ ਬਣਦਾ ਹੈ ਕਿ ਉਹ ਇਸ ਸੰਕਟ ਦੀ ਘੜੀ ਵਿੱਚ ਆਪਣੇ ਕਿਸਾਨ ਭੈਣ-ਭਰਾਵਾਂ ਅਤੇ ਦਿਹਾੜੀ ਖੇਤਰ ਵਿੱਚ ਹੜ੍ਹਾਂ ਕਾਰਨ ਪ੍ਰਭਾਵਿਤ ਹੋਏ ਖੇਤ ਮਜ਼ਦੂਰਾਂ ਅਤੇ ਹੋਰ ਲੋਕਾਂ ਦੀ ਸਹਾਇਤਾ ਲਈ ਅੱਗੇ ਆਉਣ।







# ਪੰਜਾਬ : ਗੁੰਝਲਦਾਰ ਹਾਲਾਤ ਅਤੇ ਸਮਾਜਿਕ ਬੇਚੈਨੀ



ਪ੍ਰੋ. ਮੇਹਰ ਮਾਣਕ
ਮੋ. 90411-13193

ਕਿਸੇ ਵੀ ਸਮਾਜ ਦੀ ਬਣਤਰ ਅਤੇ ਵਿਕਾਸ ਲਈ ਅਰਥਚਾਰਾ ਰੀੜ੍ਹ ਦੀ ਹੱਡੀ ਦਾ ਕੰਮ ਕਰਦਾ ਹੈ। ਕਿੱਤੇ ਨਾਲ ਜੁੜੀ ਮਨੁੱਖੀ ਸ਼ਕਤੀ ਆਪਣੀ ਕਿਰਤ ਰਾਹੀਂ ਇਸ ਵਿੱਚ ਅਹਿਮ ਯੋਗਦਾਨ ਪਾਉਂਦੀ ਹੈ। ਪੰਜਾਬ ਜਿਸ ਦੀ ਬਹੁਗਿਣਤੀ ਵੱਸੋਂ ਪਿੰਡਾਂ ਵਿੱਚ ਰਹਿੰਦੀ ਹੈ ਅਤੇ ਖੇਤੀ ਨਾਲ ਜੁੜੀ ਹੋਈ ਹੈ, ਮੁਲਕ ਦੇ ਅੰਨ ਭੰਡਾਰਾਂ ਵਿੱਚ 60% ਤੱਕ ਹਿੱਸਾ ਪਾਉਂਦਾ ਰਿਹਾ ਹੈ। ਸੂਬੇ ਵਿੱਚ ਬਹੁਤੀਆਂ ਵੱਡੀਆਂ ਜੋਤਾਂ ਨਹੀਂ, ਕਿਉਂਕਿ ਬਹੁਗਿਣਤੀ ਕਿਸਾਨਾਂ ਕੋਲ 10 ਏਕੜ ਤੋਂ ਘੱਟ ਜ਼ਮੀਨ ਹੈ, ਇੱਕ ਤਿਹਾਈ ਕਿਸਾਨਾਂ ਕੋਲ 5 ਏਕੜ ਤੋਂ ਵੀ ਘੱਟ ਜ਼ਮੀਨ ਹੈ; ਭਾਵ, ਬਹੁਗਿਣਤੀ ਛੋਟੇ ਅਤੇ ਗਰੀਬ ਕਿਸਾਨਾਂ ਦੀ ਹੈ, ਜੋ ਸਖਤ ਮਿਹਨਤ ਨਾਲ ਸਿਰਫ ਆਪਣੇ ਪਰਿਵਾਰ ਹੀ ਨਹੀਂ ਪਾਲਦੇ, ਬਲਕਿ ਮੁਲਕ ਲਈ ਵੀ ਅੰਨ ਮੁਹੱਈਆ ਕਰਵਾਉਂਦੇ ਹਨ। ਇਸ ਦੇ ਬਾਵਜੂਦ ਵੀ ਸ਼ਾਸਨ ਅਤੇ ਪ੍ਰਸ਼ਾਸਨ ਨੇ ਇਸ ਖੇਤਰ ਦੀਆਂ ਦਿੱਕਤਾਂ ਵੱਲ ਕਦੇ ਧਿਆਨ ਨਹੀਂ ਦਿੱਤਾ। ਹਰੀ ਕ੍ਰਾਂਤੀ ਨੇ ਜਿੱਥੇ ਪੈਦਾਵਾਰ ਵਿੱਚ ਵਾਧਾ ਕੀਤਾ, ਉੱਥੇ ਖੇਤੀ ਖੇਤਰ ਨੂੰ ਮੰਡੀ ਦੇ ਰਹਿਮੋ-ਕਰਮ 'ਤੇ ਛੱਡ ਦਿੱਤਾ। ਇਉਂ ਖੇਤੀ ਖਰਚਿਆਂ ਦੇ ਲਗਾਤਾਰ ਵਾਧੇ, ਜਿਣਸਾਂ ਦਾ ਵਾਜਿਬ ਭਾਅ ਨਾ ਮਿਲਣ ਅਤੇ ਕਰਜ਼ੇ ਕਾਰਨ ਕਿਸਾਨੀ ਨੂੰ ਮੰਦਹਾਲੀ ਵੱਲ ਧੱਕ ਦਿੱਤਾ।

ਕੌਮੀ ਪੱਧਰ ਉੱਤੇ ਹਰ ਕਿਸਾਨ ਪਰਿਵਾਰ ਸਿਰ 74121 ਰੁਪਏ ਔਸਤਨ ਕਰਜ਼ਾ ਹੈ। ਪੰਜਾਬ ਵਿੱਚ ਇਹ ਕਰਜ਼ਾ 2.05 ਲੱਖ ਰੁਪਏ, ਹਰਿਆਣਾ ਵਿੱਚ 1.83 ਲੱਖ, ਹਿਮਾਚਲ ਪ੍ਰਦੇਸ਼ ਵਿੱਚ 85285 ਅਤੇ ਜੰਮੂ ਕਸ਼ਮੀਰ ਵਿੱਚ 30435 ਰੁਪਏ ਹੈ। 1997 ਵਿੱਚ ਪੰਜਾਬ ਦੀ ਕਿਸਾਨੀ ਸਿਰ 5700 ਕਰੋੜ ਰੁਪਏ ਦਾ ਕਰਜ਼ਾ ਸੀ, ਜੋ 2022-23 ਵਿੱਚ 73673 ਕਰੋੜ ਰੁਪਏ ਤੱਕ ਪਹੁੰਚ ਗਿਆ। ਇਉਂ ਕਰਜ਼ੇ ਦੀ ਪੰਡ ਹੌਲੀ ਹੋਣ ਦੀ ਥਾਂ ਦਿਨ-ਬ-ਦਿਨ ਭਾਰੀ ਹੋ ਰਹੀ ਹੈ। ਇਸੇ ਆਰਥਿਕ ਬੇਵਸੀ ਅਤੇ ਨਿਰਾਸ਼ਤਾ ਵਿੱਚੋਂ ਹੀ ਕਿਸਾਨ ਕਦੇ ਆਤਮ-ਹੱਤਿਆ ਕਰਦਾ ਹੈ ਅਤੇ ਕਦੇ ਅੰਦੋਲਨ ਦਾ ਰਸਤਾ ਅਖਤਿਆਰ ਕਰਦਾ ਹੈ। ਅਧਿਐਨਾਂ ਮੁਤਾਬਿਕ ਪੰਜਾਬ ਦੇ ਪੇਂਡੂ ਖੇਤਰ ਵਿੱਚ ਹੁਣ ਤੱਕ ਤਕਰੀਬਨ 30 ਹਜ਼ਾਰ ਆਤਮ-ਹੱਤਿਆਵਾਂ ਹੋ ਚੁੱਕੀਆਂ ਹਨ ਅਤੇ ਕਿਸਾਨ ਅੰਦੋਲਨ ਦੀ ਜਾਗਰੂਕਤਾ ਤੇ ਸਮਾਜਿਕ ਸਮੂਹਿਕ ਢਾਰਸ ਦੇ ਬਾਵਜੂਦ ਰੁਕਣ ਦਾ ਨਾਂ ਨਹੀਂ ਲੈ ਰਹੀਆਂ। ਸਿਆਸੀ ਅਣਦੇਖੀ ਕਾਰਨ ਪੇਂਡੂ ਸਮਾਜ ਖੁਦ ਨੂੰ ਲੁੱਟਿਆ-ਪੁੱਟਿਆ ਅਤੇ ਟੁੱਟਿਆ ਮਹਿਸੂਸ ਕਰ ਰਿਹਾ ਹੈ। ਨੈਸ਼ਨਲ ਸੈਂਪਲ ਸਰਵੇ (2002) ਦੀ ਰਿਪੋਰਟ ਮੁਤਾਬਿਕ ਤਕਰੀਬਨ 40% ਕਿਸਾਨਾਂ ਨੇ ਖੇਤੀਬਾੜੀ ਛੱਡਣ ਦੀ ਇੱਛਾ ਜ਼ਾਹਿਰ ਕੀਤੀ ਹੈ। ਸਰਕਾਰੀ ਨੀਤੀਆਂ ਵਿੱਚ ਕੋਈ ਖਾਸ ਤਬਦੀਲੀ ਨਾ ਹੋਣ ਕਾਰਨ ਹਾਲਾਤ ਹੋਰ ਗੰਭੀਰ ਹੋ ਚੁੱਕੇ ਹਨ। ਘਾਟੇ ਦਾ ਵਣਜ ਹੋਣ ਦੇ ਬਾਵਜੂਦ ਕਿਸਾਨੀ ਸਮਾਜਿਕ, ਸੱਭਿਆਚਾਰਕ, ਆਰਥਿਕ ਅਤੇ ਮਾਨਸਿਕ ਕਾਰਨਾਂ ਕਰਕੇ ਧਰਤੀ/ਖੇਤੀ ਨਾਲ ਜੁੜੀ ਰਹਿਣਾ ਚਾਹੁੰਦੀ ਹੈ। ਇਸੇ ਪ੍ਰਸੰਗ ਵਿੱਚ ਕਿਸਾਨਾਂ ਦੀ ਲਾਮਬੰਦੀ ਅਤੇ ਹੁਣੇ ਵਾਪਸ ਹੋਈ ਲੈਂਡ ਪੂਲਿੰਗ ਨੀਤੀ ਦੇ ਸਬੰਧਾਂ ਨੂੰ ਸਮਝਣਾ ਬਿਹਤਰ ਰਹੇਗਾ।

ਹਰੇ ਇਨਕਲਾਬ ਵਾਲੇ ਮਾਡਲ ਨੇ ਇਕੱਲੇ ਆਰਥਿਕ ਖੇਤਰ ਹੀ ਨਹੀਂ, ਕੁਦਰਤੀ ਸੋਮਿਆਂ ਦਾ ਉਜਾੜਾ ਵੀ ਕੀਤਾ। ਅੱਜ ਪੰਜਾਬ ਵਿੱਚ 14.5 ਲੱਖ ਤੋਂ ਵੱਧ ਟਿਊਬਵੈੱਲ ਸਿੰਜਾਈ ਖਾਤਿਰ ਲੱਗੇ ਹੋਏ ਹਨ। ਜ਼ਮੀਨ ਹੇਠਲੇ ਪਾਣੀ ਦੀ ਪਰਤ 20 ਫੁੱਟ ਤੱਕ ਖਤਮ ਹੋ ਚੁੱਕੀ ਹੈ। ਦੂਜੀ ਪਰਤ ਪਿਛਲੇ 10 ਸਾਲਾਂ ਵਿੱਚ 100 ਤੋਂ 200 ਫੁੱਟ ਤੱਕ ਖਤਮ ਹੋ ਚੁੱਕੀ ਹੈ। ਤੀਜੀ ਪਰਤ ਜੋ 350 ਫੁੱਟ ਤੋਂ ਡੂੰਘੀ ਹੈ, ਉਹ ਹੁਣ ਝੋਨੇ ਦੀ ਸਿੰਜਾਈ ਲਈ ਵਰਤੀ ਜਾ ਰਹੀ ਹੈ। ਝੋਨੇ ਕਾਰਨ ਪੰਜਾਬ ਦੇ ਕੁੱਲ 150 ਬਲਾਕਾਂ ਵਿੱਚੋਂ 140 ਬਲਾਕ ਚਿੰਤਾ ਵਾਲੀ ਹਾਲਤ ਵਿੱਚ ਹਨ। ਜਿਉਂ-ਜਿਉਂ ਪਾਣੀ ਦਾ ਪੱਧਰ ਨੀਵਾਂ ਹੋ ਰਿਹਾ ਹੈ, ਤਿਉਂ-ਤਿਉਂ ਬੋਰ ਡੂੰਘੇ ਕਰਨ ਅਤੇ ਮੁੜ ਜ਼ਿਆਦਾ ਪਾਵਰ ਵਾਲੀਆਂ ਸਬਮਰਸੀਬਲ ਮੋਟਰਾਂ ਲਾਉਣ ਨਾਲ ਖਰਚਿਆਂ ਦਾ ਬੋਝ ਵੱਧ ਰਿਹਾ ਹੈ। ਸੈਂਟਰਲ ਬੋਰਡ ਆਫ ਗਰਾਊਂਡ ਵਾਟਰ ਮੁਤਾਬਿਕ, 2039 ਤੱਕ ਪਾਣੀ 1000 ਫੁੱਟ ਡੂੰਘਾ ਹੋ ਜਾਵੇਗਾ; ਭਾਵ, ਪੰਜਾਬ ਰੇਗਿਸਤਾਨ ਬਣ ਜਾਵੇਗਾ। ਧਰਤੀ ਵਿੱਚ ਲਗਾਤਾਰ ਹੋ ਰਹੇ ਬੋਰ ਇੱਕ ਨਾ ਇੱਕ ਦਿਨ ਕਿਸੇ ਨਾ ਕਿਸੇ ਕੁਦਰਤੀ ਆਫਤ ਦਾ ਕਾਰਨ ਬਣਨਗੇ। ਮਾਹਿਰਾਂ ਮੁਤਾਬਿਕ, ਧਰਤੀ ਹੇਠਲੇ ਪਾਣੀ ਦੀ ਅੰਨ੍ਹੇਵਾਹ ਨਿਕਾਸੀ ਕਾਰਨ ਵਾਟਰ ਬਾਡੀਜ਼ ਦੀਆਂ ਬਣਤਰਾਂ ਵਿੱਚ ਵਿਗਾੜ ਪੈਦਾ ਹੋ ਸਕਦੇ ਹਨ। ਹਰ ਸਾਲ ਝੋਨੇ ਹੇਠ ਰਕਬਾ ਵੱਧ ਰਿਹਾ ਹੈ, ਜੋ ਹੁਣ 32 ਲੱਖ ਹੈਕਟੇਅਰ ਤੋਂ ਉੱਪਰ ਪਹੁੰਚ ਗਿਆ ਹੈ। ਸਰਕਾਰ ਦੇ ਰੋਕਣ ਦੇ ਬਾਵਜੂਦ ਪਾਬੰਦੀਸ਼ੁਦਾ ਝੋਨੇ ਦੀਆਂ ਵੰਨਗੀਆਂ ਦੀ ਲੁਆਈ ਹੋਈ। ਝੋਨੇ ਦੀ ਸਿੱਧੀ ਲੁਆਈ ਦਾ ਰਕਬਾ ਤੇਜ਼ੀ ਨਾਲ ਘਟਿਆ ਹੈ। ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੇਣ ਦੀ ਸਰਕਾਰੀ ਸਹੂਲਤ ਨੇ ਵੀ ਕੰਮ ਨਹੀਂ ਕੀਤਾ। ਦੂਜੇ, ਚੌਲ ਪੰਜਾਬ ਦੇ ਲੋਕਾਂ ਦੀ ਖੁਰਾਕ ਦਾ ਹਿੱਸਾ ਨਹੀਂ; ਇਸ ਦੇ ਬਾਵਜੂਦ ਨਫੇ ਕਾਰਨ ਇਹ ਸਭ ਕੁਝ ਹੋ ਰਿਹਾ ਹੈ। ਇਕੱਲੇ ਪਾਣੀ ਦੀ ਹੀ ਬਰਬਾਦੀ ਨਹੀਂ, ਸਗੋਂ ਕੀੜੇਮਾਰ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਮਨੁੱਖੀ ਸਮਾਜਿਕ ਜੀਵਨ ਨੂੰ ਤਬਾਹ ਕਰ ਰਹੀ ਹੈ ਅਤੇ ਸਮੁੱਚਾ ਵਾਤਾਵਰਨ ਦੂਸ਼ਿਤ ਹੋ ਰਿਹਾ ਹੈ।

ਸੂਬੇ ਵਿੱਚ ਜ਼ਹਿਰਾਂ ਦੀ ਅੰਨ੍ਹੇਵਾਹ ਵਰਤੋਂ ਸਿਰਫ ਝੋਨੇ/ਕਣਕ ਤੱਕ ਸੀਮਤ ਨਹੀਂ, ਸਬਜ਼ੀਆਂ ਅਤੇ ਫਲਾਂ ਵਿੱਚ ਜ਼ਹਿਰਾਂ ਦੀ ਮਿਕਦਾਰ ਮਿੱਥੀ ਹੱਦ ਤੋਂ ਕਿਤੇ ਪਾਰ ਜਾ ਚੁੱਕੀ ਹੈ। ਪਸ਼ੂਆਂ ਲਈ ਚਾਰਾ ਵੀ ਜ਼ਹਿਰੀਲਾ ਹੋ ਚੁੱਕਿਆ ਹੈ। ਆਲ ਇੰਡੀਆ ਕੋਆਰਡੀਨੇਟਿਡ ਰਿਸਰਚ ਪ੍ਰੋਜੈਕਟ ਦੀ ਰਿਪੋਰਟ ਮੁਤਾਬਿਕ ਫਲ, ਸਬਜ਼ੀਆਂ ਅਤੇ ਅਨਾਜ ਵਿੱਚ ਡੀ. ਡੀ. ਟੀ., ਬੀ. ਐਚ. ਸੀ., ਐਚ. ਸੀ. ਐਚ. ਦੇ ਅੰਸ਼ ਮੌਜੂਦ ਹਨ। ਹੋਰ ਤਾਂ ਹੋਰ, ਇਨ੍ਹਾਂ ਕੀਟਨਾਸ਼ਕਾਂ ਦਾ ਮੱਝਾਂ, ਗਾਵਾਂ ਦੇ ਦੁੱਧ ਅਤੇ ਮੱਖਣ 'ਤੇ ਵੀ ਮਾੜਾ ਅਸਰ ਹੋ ਰਿਹਾ ਹੈ। ਪੰਜਾਬ ਸਰਕਾਰ ਦੇ ਸਰਵੇ ਮੁਤਾਬਿਕ ਮੁਕਤਸਰ, ਬਠਿੰਡਾ, ਮਾਨਸਾ, ਫਿਰੋਜ਼ਪੁਰ ਅਤੇ ਤਰਨਤਾਰਨ ਜ਼ਿਲ੍ਹਿਆਂ ਵਿੱਚ ਧਰਤੀ ਹੇਠਲੇ ਪਾਣੀ ਵਿੱਚ ਆਰਸੈਨਿਕ, ਯੂਰੇਨੀਅਮ ਅਤੇ ਰਸਾਇਣਕ ਜ਼ਹਿਰੀਲਾਪਣ ਅਣਕਿਆਸੀ ਹੱਦ ਤੱਕ ਜਾ ਚੁੱਕਿਆ ਹੈ। ਸੈਂਟਰਲ ਗਰਾਊਂਡ ਵਾਟਰ ਬੋਰਡ ਵੀ ਆਪਣੀ ਰਿਪੋਰਟ ਵਿੱਚ ਅਜਿਹੇ ਨਤੀਜਿਆਂ 'ਤੇ ਪੁੱਜਿਆ ਹੈ। ਇਨ੍ਹਾਂ ਖਤਰਨਾਕ ਤੱਤਾਂ ਦਾ ਮਨੁੱਖੀ ਜੀਵਨ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ ਅਤੇ ਨਵਜੰਮੇ ਬੱਚੇ ਜੀਨ ਗੜਬੜੀ ਕਾਰਨ ਮੰਦਬੁੱਧੀ ਦਾ ਸ਼ਿਕਾਰ ਹੋ ਰਹੇ ਹਨ। ਸੰਸਾਰ ਸਿਹਤ ਸੰਸਥਾ ਮੁਤਾਬਿਕ 80% ਬਿਮਾਰੀਆਂ ਦਾ ਕਾਰਨ ਪਾਣੀ ਦੀ ਵਿਗੜੀ ਹਾਲਤ ਹੈ। ਪੰਜਾਬ ਦੀ ਦੱਖਣ-ਪੱਛਮੀ ਪੱਟੀ ਕੈਂਸਰ ਦੇ ਗ੍ਰਿਫਤ ਵਿੱਚ ਹੈ। ਕੈਂਸਰ ਤੋਂ ਬਚਾਅ ਅਤੇ ਇਸ ਦੇ ਸਹੀ ਇਲਾਜ ਲਈ ਕਿਧਰੇ ਕੋਈ ਸਾਰਥਕ ਹੰਭਲਾ ਦਿਖਾਈ ਨਹੀਂ ਦੇ ਰਿਹਾ।

ਦਰਿਆਵਾਂ ਅਤੇ ਨਹਿਰਾਂ ਦਾ ਪਾਣੀ ਫੈਕਟਰੀਆਂ ਵਿੱਚੋਂ ਡਿੱਗ ਰਹੇ ਤੇਜ਼ਾਬਾਂ ਕਾਰਨ ਜ਼ਹਿਰੀਲਾ ਹੋ ਚੁੱਕਿਆ ਹੈ, ਜਿਸ ਕਾਰਨ ਪਾਣੀ ਵਿੱਚ ਰਹਿਣ ਵਾਲੇ ਜੀਵ ਮਰ ਰਹੇ ਹਨ। ਘੱਗਰ, ਜੋ ਤਕਰੀਬਨ ਬਰਸਾਤੀ ਦਰਿਆ ਹੈ, ਵਿੱਚ ਨਾਲਿਆਂ ਰਾਹੀਂ ਹਿਮਾਚਲ, ਚੰਡੀਗੜ੍ਹ, ਪੰਚਕੂਲਾ, ਪੰਜਾਬ ਅਤੇ ਹਰਿਆਣਾ ਦੇ ਨਾਲ ਲੱਗਦੇ ਸ਼ਹਿਰਾਂ ਦੀਆਂ ਫੈਕਟਰੀਆਂ ਅਤੇ ਸੀਵਰੇਜ ਦੇ ਦੂਸ਼ਿਤ ਪਾਣੀ ਸੁੱਟ ਕੇ ਇਸ ਨੂੰ ਜ਼ਹਿਰੀਲਾ ਬਣਾ ਦਿੱਤਾ ਗਿਆ ਹੈ। ਦੂਸ਼ਿਤ ਪਾਣੀ ਨਾ ਸਿਰਫ ਜ਼ਮੀਨ ਅਤੇ ਹੇਠਲੇ ਪਾਣੀ ਨੂੰ ਜ਼ਹਿਰੀਲਾ ਬਣਾ ਰਿਹਾ ਹੈ। ਇਉਂ ਪੁਆਧ ਦਾ ਜਿਹੜਾ ਖੇਤਰ ਵਾਤਾਵਰਨ ਪੱਖੋਂ ਸ਼ੁੱਧ ਮੰਨਿਆ ਜਾਂਦਾ ਸੀ, ਉਹ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਚੁੱਕਿਆ ਹੈ।

ਪੰਜਾਬ ਅੰਦਰ ਇਕੱਲਾ ਸੋਕਾ ਹੀ ਨਹੀਂ, ਡੋਬਾ ਵੀ ਬਰਸਾਤ ਦੇ ਦਿਨਾਂ ਵਿੱਚ ਸੂਬੇ ਦੀ ਅਹਿਮ ਸਮੱਸਿਆ ਹੈ। ਹੜ੍ਹਾਂ ਬਾਰੇ ਅਕਸਰ ਇਹੀ ਪ੍ਰਚਾਰਿਆ ਜਾਂਦਾ ਹੈ ਕਿ ਜ਼ਿਆਦਾ ਮੀਂਹ ਪੈਣ ਕਾਰਨ ਹੜ੍ਹ ਆ ਰਹੇ ਹਨ, ਪਰ ਜੇਕਰ ਮੀਂਹ ਪੈਣ ਦੇ ਰੁਝਾਨ 'ਤੇ ਨਿਗਾਹ ਮਾਰੀਏ ਤਾਂ ਪਿਛਲੇ ਸਾਲਾਂ ਵਿੱਚ ਮੀਂਹ ਪੈਣ ਦੀ ਔਸਤ ਘਟੀ ਹੈ। ਇਸ ਸਾਲ ਪਿਛਲੇ ਸਾਲਾਂ ਦੇ ਮੁਕਾਬਲੇ ਮੀਂਹ ਬਹੁਤ ਜ਼ਿਆਦਾ ਪਏ ਹਨ, ਜਿਸ ਨਾਲ ਪੰਜਾਬ ਅੰਦਰ ਹੜ੍ਹਾਂ ਕਾਰਨ ਅਣਕਿਆਸੀ ਤਬਾਹੀ ਦੇਖਣ ਨੂੰ ਮਿਲ ਰਹੀ ਹੈ। ਹੁਣ ਪਹਿਲਾਂ ਵਾਂਗ ਲੰਮੀਆਂ ਝੜੀਆਂ ਨਹੀਂ ਲੱਗਦੀਆਂ, ਬਸ ਕੁਝ ਥਾਵਾਂ ਉੱਤੇ ਇੱਕਦਮ ਬੱਦਲ ਫਟ ਕੇ ਮਣਾਂ ਮੂੰਹੀਂ ਪਾਣੀ ਡਿੱਗ ਪੈਂਦਾ ਹੈ। ਪਹਾੜੀ ਇਲਾਕਿਆਂ ਵਿੱਚ ਬੱਦਲ ਫੱਟਣ ਦੀਆਂ ਘਟਨਾਵਾਂ ਵਿੱਚ ਅਥਾਹ ਵਾਧਾ ਹੋਇਆ ਹੈ। ਆਲਮੀ ਤਪਸ਼ ਵੱਧ ਗਈ ਹੈ। ਤਰੱਕੀ ਦੇ ਨਾਂ ਹੇਠ ਬਿਨਾਂ ਇਹ ਸੋਚੇ ਸਮਝੇ ਕਿ ਇਸ ਦੇ ਵਾਤਾਵਰਣ 'ਤੇ ਕੀ ਮਾੜੇ ਪ੍ਰਭਾਵ ਹੋਣਗੇ, ਪਹਾੜਾਂ ਦੀ ਅੰਨ੍ਹੇਵਾਹ ਕਟਾਈ ਹੋ ਰਹੀ ਹੈ। ਪਹਾੜ ਪੋਲੇ ਪੈ ਰਹੇ ਹਨ। ਕੁਦਰਤ ਦਾ ਤਵਾਜ਼ਨ ਵਿਗੜ ਰਿਹਾ ਹੈ।

ਅਸਲ ਵਿੱਚ ਸਮਾਜਿਕ, ਪ੍ਰਸ਼ਾਸਨਿਕ ਅਤੇ ਰਾਜਸੀ ਅਣਗਹਿਲੀਆਂ, ਕਲੋਨਾਈਜ਼ਰਾਂ ਦੇ ਕਬਜ਼ੇ, ਨਦੀ-ਨਾਲਿਆਂ ਅਤੇ ਦਰਿਆਵਾਂ ਦੀ ਸਫ਼ਾਈ ਨਾ ਕਰਨਾ, ਇਨ੍ਹਾਂ ਦੇ ਰਾਹਾਂ ਦੀਆਂ ਰੋਕਾਂ, ਬੰਨ੍ਹਾਂ ਦੀ ਅਣਦੇਖੀ ਅਤੇ ਨਵੇਂ ਪੱਕੇ ਬੰਨ੍ਹ ਨਾ ਉਸਾਰਨ ਕਰਕੇ ਸੂਬੇ ਦਾ ਇੱਕ-ਚੌਥਾਈ ਹਿੱਸਾ ਆਏ ਸਾਲ ਹੜ੍ਹਾਂ ਦੀ ਮਾਰ ਹੇਠ ਆ ਜਾਂਦਾ ਹੈ ਅਤੇ ਅੱਜ ਵੀ ਇਹ ਮਾਰ ਝੱਲ ਰਿਹਾ ਹੈ। ਝੂਠੇ ਧਰਵਾਸਿਆਂ ਅਤੇ ਲਾਰਿਆਂ ਤੋਂ ਸਿਵਾ ਅਵਾਮ ਦੇ ਹੱਥ ਕੁਝ ਨਹੀਂ ਆਉਂਦਾ। ਕਿਸੇ ਸਥਾਈ ਕਾਰਗਰ ਨੀਤੀ ਦੀ ਘਾਟ ਕਾਰਨ ਇਹ ਵਰਤਾਰਾ ਇਵੇਂ ਹੀ ਚੱਲਦਾ ਰਹਿੰਦਾ ਹੈ।

ਅਜਿਹੀਆਂ ਬਹੁ-ਦਿਸ਼ਾਵੀ ਗੁੰਝਲਦਾਰ ਚੁਣੌਤੀਆਂ ਕਾਰਨ ਵਸੋਂ ਅੰਦਰ ਨਿਰਾਸ਼ਤਾ ਅਤੇ ਬੇਗਾਨਗੀ ਪੈਦਾ ਹੋ ਰਹੀ ਹੈ, ਜਿਸ ਵਿੱਚੋਂ ਸਮਾਜਿਕ ਵਿਰੋਧਾਂ ਅਤੇ ਅੰਦੋਲਨ ਪਨਪਣੇ ਕੁਦਰਤੀ ਵਰਤਾਰਾ ਹੈ। ਇਸ ਕਰਕੇ ਸਰਕਾਰ ਨੂੰ ਮਸਲੇ ਨਜਿੱਠਣ ਲਈ ਤੁਰੰਤ ਕਾਰਗਰ ਅਤੇ ਸੰਜੀਦਾ ਕਦਮ ਚੁੱਕਣੇ ਚਾਹੀਦੇ ਹਨ।



ਪੰਜਾਬ ਅੰਦਰ ਇਕੱਲਾ ਸੋਕਾ ਹੀ ਨਹੀਂ, ਡੋਬਾ ਵੀ ਬਰਸਾਤ ਦੇ ਦਿਨਾਂ ਵਿੱਚ ਸੂਬੇ ਦੀ ਅਹਿਮ ਸਮੱਸਿਆ ਹੈ। ਹੜ੍ਹਾਂ ਬਾਰੇ ਅਕਸਰ ਇਹੀ ਪ੍ਰਚਾਰਿਆ ਜਾਂਦਾ ਹੈ ਕਿ ਜ਼ਿਆਦਾ ਮੀਂਹ ਪੈਣ ਕਾਰਨ ਹੜ੍ਹ ਆ ਰਹੇ ਹਨ, ਪਰ ਜੇਕਰ ਮੀਂਹ ਪੈਣ ਦੇ ਰੁਝਾਨ 'ਤੇ ਨਿਗਾਹ ਮਾਰੀਏ ਤਾਂ ਪਿਛਲੇ ਸਾਲਾਂ ਵਿੱਚ ਮੀਂਹ ਪੈਣ ਦੀ ਔਸਤ ਘਟੀ ਹੈ। ਇਸ ਸਾਲ ਪਿਛਲੇ ਸਾਲਾਂ ਦੇ ਮੁਕਾਬਲੇ ਮੀਂਹ ਬਹੁਤ ਜ਼ਿਆਦਾ ਪਏ ਹਨ, ਜਿਸ ਨਾਲ ਪੰਜਾਬ ਅੰਦਰ ਹੜ੍ਹਾਂ ਕਾਰਨ ਅਣਕਿਆਸੀ ਤਬਾਹੀ ਦੇਖਣ ਨੂੰ ਮਿਲ ਰਹੀ ਹੈ। ਹੁਣ ਪਹਿਲਾਂ ਵਾਂਗ ਲੰਮੀਆਂ ਝੜੀਆਂ ਨਹੀਂ ਲੱਗਦੀਆਂ, ਬਸ ਕੁਝ ਥਾਵਾਂ ਉੱਤੇ ਇੱਕਦਮ ਬੱਦਲ ਫਟ ਕੇ ਮਣਾਂ ਮੂੰਹੀਂ ਪਾਣੀ ਡਿੱਗ ਪੈਂਦਾ ਹੈ। ਪਹਾੜੀ ਇਲਾਕਿਆਂ ਵਿੱਚ ਬੱਦਲ ਫੱਟਣ ਦੀਆਂ ਘਟਨਾਵਾਂ ਵਿੱਚ ਅਥਾਹ ਵਾਧਾ ਹੋਇਆ ਹੈ।

# ਭਾਰਤੀ ਮੂਲ ਰਵਾਇਤੀ ਚਿਕਿਤਸਕ ਰੁੱਖ ਨਿੰਮ



ਦੁਨੀਆਂ ਦੀ 80 ਫੀਸਦੀ ਆਬਾਦੀ ਤੰਦਰੁਸਤੀ ਲਈ ਪੌਦਿਆਂ 'ਤੇ ਨਿਰਭਰ ਕਰਦੀ ਹੈ। ਲਗਭਗ 25 ਫੀਸਦੀ ਦਵਾਈਆਂ ਪੌਦਿਆਂ ਤੋਂ ਬਣਾਈਆਂ ਜਾਂਦੀਆਂ ਹਨ। ਕੁਝ ਦਹਾਕਿਆਂ ਤੋਂ ਖੇਤੀ ਖੇਤਰ 'ਚ ਰਸਾਇਣਾਂ ਦੀ ਜ਼ਿਆਦਾ ਵਰਤੋਂ ਕਾਰਨ ਖੁਰਾਕੀ ਪਦਾਰਥ ਤੋਂ ਵਾਤਾਵਰਨ ਰਸਾਇਣਾਂ ਨਾਲ ਲਬਰੇਜ਼ ਹਨ। ਇਨ੍ਹਾਂ ਰਸਾਇਣਾਂ ਦਾ ਸਾਡੀ ਸਿਹਤ ਉੱਪਰ ਮਾੜਾ ਅਸਰ ਪੈ ਰਿਹਾ ਹੈ। ਇਸ ਨਾਲ ਮਨੁੱਖ ਦਾ ਧਿਆਨ ਜੜ੍ਹੀਆਂ-ਬੂਟੀਆਂ, ਕੁਦਰਤੀ ਉਤਪਾਦਾਂ ਅਤੇ ਜੈਵਿਕ ਖੇਤੀ ਵੱਲ ਵਧਿਆ ਹੈ। ਫਸਲਾਂ, ਵਾਤਾਵਰਨ ਅਤੇ ਪਾਣੀ ਦੇ ਸੋਮਿਆਂ 'ਚ ਸਿੰਥੈਟਿਕ ਰਸਾਇਣਾਂ ਦੀ ਮੌਜੂਦਗੀ ਕਾਰਨ ਮਨੁੱਖੀ ਸਿਹਤ ਉੱਪਰ ਮਾੜੇ ਪ੍ਰਭਾਵ ਵਧੇ ਹਨ। ਦੁਨੀਆਂ ਦੀ ਐਗਰੋ ਕੈਮੀਕਲ ਮਾਰਕੀਟ 31 ਤੋਂ 35 ਬਿਲੀਅਨ (3100 ਤੋਂ 3500 ਕਰੋੜ) ਡਾਲਰ ਦੇ ਵਿਚਕਾਰ ਹੈ। ਇਨ੍ਹਾਂ ਉਤਪਾਦਾਂ ਵਿਚ ਜੜ੍ਹੀਆਂ-ਬੂਟੀਆਂ ਦੀ ਮਾਤਰਾ 48 ਫੀਸਦੀ, ਕੀਟਨਾਸ਼ਕ 25 ਫੀਸਦੀ ਅਤੇ ਉੱਲੀਮਾਰ ਦਵਾਈਆਂ 22 ਫੀਸਦੀ ਹਨ, ਹੁਣ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਵੀ ਕੀੜੇ-ਮਕੌੜਿਆਂ ਅਤੇ ਬਿਮਾਰੀਆਂ 'ਤੇ ਕਾਬੂ ਪਾਉਣ ਲਈ ਪੌਦਿਆਂ ਵਿਚਲੇ ਤੱਤਾਂ, ਜਿਵੇਂ ਪੌਦੇ ਤੋਂ ਪ੍ਰਾਪਤ ਤੇਲ, ਪੌਦੇ ਦਾ ਰਸ ਆਦਿ ਦੀ ਵਰਤੋਂ ਕਰ ਰਹੀਆਂ ਹਨ। ਦਵਾਈਆਂ ਦੇ ਗੁਣਾਂ ਵਾਲੇ ਅਜਿਹੇ ਪੌਦਿਆਂ ਵਿੱਚ ਨਿੰਮ ਦਾ ਰੁੱਖ ਬੇਹੱਦ ਅਹਿਮ ਹੈ।

**ਮਹੱਤਤਾ** : ਨਿੰਮ ਨੂੰ ਭਾਰਤੀ ਉਪ



ਮਹਾਂਦੀਪ ਦਾ ਸਭ ਤੋਂ ਅਹਿਮ ਰੁੱਖ ਮੰਨਿਆ ਜਾਂਦਾ ਹੈ। ਨਿੰਮ ਦਾ ਪੂਰੀ ਤਰ੍ਹਾਂ ਵਿਕਸਤ ਰੁੱਖ 10 ਮੀਟਰ ਘੇਰੇ ਤੱਕ ਫੈਲ ਸਕਦਾ ਹੈ। ਫਾਰਸੀ ਸਾਹਿਤ 'ਚ ਇਸ ਨੂੰ 'ਆਜ਼ਾਦ-ਏ-ਹਿੰਦ', ਭਾਵ ਭਾਰਤ ਦਾ ਆਜ਼ਾਦ ਰੁੱਖ ਆਖਿਆ ਗਿਆ ਹੈ। ਇਕ ਅੰਦਾਜ਼ੇ ਅਨੁਸਾਰ ਭਾਰਤ ਵਿੱਚ ਇਸ ਸਮੇਂ 13.8 ਮਿਲੀਅਨ ਨਿੰਮ ਦੇ ਰੁੱਖ ਹਨ, ਜਿਨ੍ਹਾਂ ਤੋਂ 83 ਹਜ਼ਾਰ ਟਨ ਨਿੰਮ ਦਾ ਤੇਲ, 3.3 ਲੱਖ ਟਨ ਨਿੰਮ ਦੇ ਕੇਕ ਅਤੇ 4.13 ਲੱਖ ਟਨ ਨਿੰਮ ਦਾ ਬੀਜ ਤਿਆਰ ਕੀਤਾ ਜਾ ਸਕਦਾ ਹੈ। ਨਿੰਮ ਦੇ ਇਕ ਰੁੱਖ ਤੋਂ 37-50 ਕਿਲੋ ਨਿੰਮੋਲੀਆਂ ਪ੍ਰਾਪਤ ਹੁੰਦੀਆਂ ਹਨ। ਇਸ ਦੇ 40 ਕਿਲੋ ਫਲਾਂ ਤੋਂ 24 ਕਿਲੋ ਸੁੱਕਾ ਮਾਦਾ ਅਤੇ 11.52 ਕਿਲੋਂ ਗੁੱਦਾ ਪ੍ਰਾਪਤ ਹੁੰਦਾ ਹੈ। ਇਸ ਤੋਂ ਇਲਾਵਾ 6 ਕਿਲੋ ਬੂਰਾ ਅਤੇ 1.1 ਕਿਲੋ ਬੀਜ ਦਾ ਛਿਲਕਾ ਪ੍ਰਾਪਤ ਹੁੰਦਾ ਹੈ।

**ਵਿਲੱਖਣਤਾ** : ਨਿੰਮ ਅਜਿਹਾ ਵਿਲੱਖਣ ਰੁੱਖ ਹੈ, ਜਿਸ ਵਿੱਚ ਔਸ਼ਧੀਆਂ ਵਾਲੇ ਬਹੁਤ ਸਾਰੇ ਗੁਣ ਹਨ। ਇਸ ਵਿਚਲੇ ਕੁਦਰਤੀ ਤੱਤ ਬੈਕਟੀਰੀਆ, ਉੱਲੀ ਰੋਗਾਂ ਅਤੇ ਕੀੜੇ-ਮਕੌੜਿਆਂ ਨੂੰ ਭਜਾਉਣ ਦੀ ਸਮਰੱਥਾ ਰੱਖਦੇ ਹਨ। ਮੁੱਢ ਕਦੀਮ ਤੋਂ ਬਹੁਤ ਸਾਰੀਆਂ ਬਿਮਾਰੀਆਂ ਦੇ ਇਲਾਜ ਲਈ ਨਿੰਮ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਨਿੰਮ ਦੇ ਪੱਤੇ ਪਾਲਤੂ ਜਾਨਵਰਾਂ ਦੀ ਖੁਰਾਕ ਲਈ ਅਤੇ ਫਲਾਂ ਅਤੇ ਬੀਜਾਂ ਤੋਂ ਤੇਲ ਤਿਆਰ ਕੀਤਾ ਜਾਂਦਾ ਹੈ। ਨਿੰਮ ਦੀਆਂ ਜੜ੍ਹਾਂ ਦਵਾਈਆਂ ਬਣਾਉਣ ਲਈ ਵਰਤੀਆਂ ਜਾਂਦੀਆਂ ਹਨ, ਜਦੋਂ ਕਿ ਲੱਕੜ ਫਰਨੀਚਰ ਤੇ ਹੋਰ ਘਰੇਲੂ ਸਾਮਾਨ ਬਣਾਉਣ ਲਈ ਵਰਤੀ ਜਾਂਦੀ ਹੈ।

**ਨਿੰਮ ਦੇ ਛਿੜਕੇ, ਫਲਾਂ ਦੇ ਸੁੱਕੇ ਮਾਦੇ, ਨਿਮੋਲੀਆਂ, ਗੁੱਦੇ ਅਤੇ ਬੀਜਾਂ ਦੀ ਬਹੁਤ ਸਾਰੀਆਂ ਦਵਾਈਆਂ 'ਚ ਵਰਤੋਂ ਕੀਤੀ ਜਾਂਦੀ ਹੈ...**

**ਸਿਹਤ ਲਈ ਗੁਣਕਾਰੀ** : ਨਿੰਮ ਦੇ ਪੱਤੇ ਖੂਨ ਦੀ ਸਫਾਈ ਲਈ ਮਹੱਤਵਪੂਰਨ ਮੰਨੇ ਗਏ ਹਨ। ਖੂਨ ਦੇ ਵਿਕਾਰਾਂ ਤੋਂ ਗ੍ਰਸਤ ਵਿਅਕਤੀ ਰੋਜ਼ ਸਵੇਰੇ ਨਿੰਮ ਦੇ 10-12 ਪੱਤਿਆਂ ਦਾ ਰਸ ਅੱਧਾ ਕੱਪ ਪਾਣੀ 'ਚ ਪਾ ਕੇ ਪੀ ਸਕਦੇ ਹਨ। ਨਿੰਮ ਦਾ ਤੇਲ ਦੰਦਾਂ ਅਤੇ ਮਸੂੜਿਆਂ ਦੀ ਸੰਭਾਲ ਲਈ ਗੁਣਕਾਰੀ ਹੈ। ਤਿੰਨ ਮਹੀਨੇ ਤੱਕ ਇਸ ਦੀ ਕਾਲੀ ਮਿਰਚ ਨਾਲ ਵਰਤੋਂ ਕਰਨ ਨਾਲ ਸ਼ੂਗਰ ਰੋਗ 'ਤੇ ਕਾਬੂ ਪਾਇਆ ਜਾ ਸਕਦਾ ਹੈ। ਨਿੰਮ ਦੇ ਪੱਤਿਆਂ ਦੇ ਪਾਊਡਰ ਨੂੰ ਸ਼ਹਿਦ 'ਚ ਮਿਲਾ ਕੇ, ਜ਼ਖਮਾਂ ਲਈ ਕਾਰਗਰ ਲੇਪ ਤਿਆਰ ਕੀਤਾ ਜਾ ਸਕਦਾ ਹੈ। ਨਿੰਮ ਦੇ ਤਾਜ਼ੇ ਪੱਤਿਆਂ ਦਾ ਲੇਪ ਚਿਹਰੇ ਦੇ ਕਿੱਲਾਂ ਅਤੇ ਛਾਈਆਂ ਦੀ ਰੋਕਥਾਮ ਲਈ ਗੁਣਕਾਰੀ ਹੈ। ਚਮੜੀ ਦੇ ਦੂਸਰੇ ਰੋਗਾਂ ਲਈ ਤਿੰਨ ਗ੍ਰਾਮ ਨਿੰਮ ਦੇ ਪੱਤੇ ਅਤੇ ਤਿੰਨ ਗ੍ਰਾਮ ਅਮਾਲਕੀ ਪਾਊਡਰ ਨੂੰ ਘਿਉ 'ਚ ਮਿਲਾ ਕੇ ਵਰਤਣ ਨਾਲ ਇਨ੍ਹਾਂ ਰੋਗਾਂ ਨੂੰ ਠੀਕ ਕੀਤਾ ਜਾ ਸਕਦਾ ਹੈ। ਸਿਰ 'ਚ ਨਿੰਮ ਦਾ ਤੇਲ ਝੱਸਣ ਨਾਲ ਜੂੰਆਂ ਅਤੇ ਸਿਕਰੀ ਦੀ ਸਮੱਸਿਆ ਨਹੀਂ ਹੁੰਦੀ। ਘਰ ਨੂੰ ਕੀਟਾਣੂਆਂ ਅਤੇ ਮੱਛਰਾਂ-ਮੱਖੀਆਂ ਤੋਂ ਮੁਕਤ ਰੱਖਣ ਲਈ ਸੁੱਕੇ ਪੱਤਿਆਂ ਨੂੰ ਘਿਉ 'ਚ ਮਿਲਾ ਕੇ ਵਰਤਿਆ ਜਾ ਸਕਦਾ ਹੈ।

**ਫਸਲਾਂ ਉੱਪਰ ਵਰਤੋਂ** : ਨਿੰਮ ਨੂੰ ਕੀਟਨਾਸ਼ਕ ਅਤੇ ਰੋਗਨਾਸ਼ਕ ਵਿਸ਼ੇਸ਼ਤਾਵਾਂ ਲਈ ਜਾਣਿਆ ਜਾਂਦਾ ਹੈ। ਨਿੰਮ ਦੇ ਦਰੱਖਤ ਤੋਂ ਪ੍ਰਾਪਤ ਸਾਰੇ ਉਤਪਾਦਾਂ ਵਿਚੋਂ ਬੀਜਾਂ ਦਾ ਤੇਲ ਵਪਾਰਕ ਤੌਰ 'ਤੇ ਸਭ ਤੋਂ ਵੱਧ ਮਹੱਤਵਪੂਰਨ ਹੈ। ਇਹ ਤੇਲ ਕੀਟਨਾਸ਼ਕਾਂ ਤੇ ਮਨੁੱਖੀ ਵਰਤੋਂ ਵਾਲੀਆਂ ਦਵਾਈਆਂ ਵਿੱਚ ਵਰਤਿਆ ਜਾਂਦਾ ਹੈ। ਕੁੱਝ ਸਮਾਂ ਪਹਿਲਾਂ ਖਾਦਾਂ ਵਿੱਚ ਨੀਮ ਲਿਪਤ ਯੂਰੀਆ (Neem Coated Urea) ਦੀ ਵਰਤੋਂ ਸ਼ੁਰੂ ਹੋਈ। ਇਸ ਨਾਲ ਮਿੱਟੀ ਦੀ ਸਿਹਤ 'ਚ ਆ ਰਹੇ ਨਿਘਾਰ ਨੂੰ ਠੱਲ ਪਾਈ ਜਾ ਸਕਦੀ ਹੈ ਅਤੇ ਇਸ ਕਾਰਨ ਨਿੰਮ ਦੇ ਤੇਲ ਦੀ ਮੰਗ 'ਚ ਹੋਰ ਵਾਧਾ ਹੋਇਆ ਹੈ। ਨਿੰਮ ਦੇ ਬੀਜਾਂ ਤੋਂ ਬੀਜ ਕੇਕ ਅਤੇ ਦੇਸੀ ਖਾਦ ਵੀ ਤਿਆਰ ਕੀਤੀ ਜਾਂਦੀ ਹੈ। ਨਿੰਮ ਤੋਂ ਤਿਆਰ ਕੀਤੇ ਪਦਾਰਥ ਫਸਲਾਂ ਦੇ ਦੁਸ਼ਮਣ ਕੀੜਿਆਂ ਦੇ ਵਾਧੇ ਨੂੰ ਰੋਕਣ ਦੀ ਸਮਰੱਥਾ ਰੱਖਦੇ ਹਨ ਪਰ ਹੁਣ ਤੱਕ ਇਸ ਤੋਂ ਬਹੁਤ ਘੱਟ ਅਜਿਹੇ ਪਦਾਰਥ ਤਿਆਰ ਕੀਤੇ ਗਏ ਹਨ। ਇਹ ਪਦਾਰਥ ਨਰਮੇ ਅਤੇ ਝੋਨੇ ਦੀ ਖੇਤੀ 'ਚ ਸਿਫਾਰਸ਼ ਕੀਤੇ ਗਏ ਹਨ। ਚਿੱਟੀ ਮੱਖੀ ਅਤੇ ਤਣਾ ਛੇਦਕ ਸੁੰਡੀ ਦੀ ਰੋਕਥਾਮ ਲਈ ਨਿੰਮ ਆਧਾਰਿਤ ਘੋਲ 'ਨਿੰਬੀਸਾਈਡ' ਜਾਂ 'ਅਚੂਕ' ਇਕ ਲੀਟਰ ਦੀ ਪ੍ਰਤੀ ਏਕੜ ਲਈ ਸਿਫਾ ਰਿਸ਼ ਕੀਤੀ ਗਈ ਹੈ। ਨਿੰਮ ਦਾ ਘੋਲ ਤਿਆਰ ਕਰਨ ਲਈ ਨਿੰਮ ਦੇ ਚਾਰ ਕਿਲੋਂ ਪੱਤੇ, ਹਰੀਆਂ ਟਹਿਣੀਆਂ ਅਤੇ ਨਿਮੋਲੀਆਂ ਨੂੰ 10 ਲਿਟਰ ਪਾਣੀ 'ਚ 30 ਮਿੰਟ ਤੱਕ ਉਬਾਲੋ। ਇਸ ਘੋਲ ਨੂੰ ਕੱਪੜੇ ਨਾਲ ਛਾਣ ਲਵੋ ਅਤੇ ਤਰਲ ਦਾ ਸਿਫਾਰਸ਼ ਕੀਤੀ ਮਾਤਰਾ ਮੁਤਾਬਕ ਫਸਲ ਉਪਰ ਛਿੜਕਾਅ ਕਰੋ। ਇਹ ਘੋਲ ਫਸਲਾਂ ਦੀਆਂ ਕਈ ਬਿਮਾਰੀਆਂ ਨੂੰ ਕਾਬੂ ਕਰਨ 'ਚ ਵੀ ਕਾਫੀ ਲਾਭਕਾਰੀ ਹੈ। ਉਮੀਦ ਹੈ ਕਿ ਭਵਿੱਖ ਵਿਚ ਨਿੰਮ ਤੋਂ ਤਿਆਰ ਹੋਰ ਪਦਾਰਥ ਵੀ ਵਰਤੋਂ 'ਚ ਆਉਣਗੇ।

**ਅਸ਼ੋਕ ਕੁਮਾਰ ਧਾਕੜ, ਵਿਜੈ ਕੁਮਾਰ**

# ਪਸ਼ੂਆਂ ਵਿੱਚ ਲਹੂ ਮੂਤਣ ਦਾ ਰੋਗ - ਲੱਛਣ ਅਤੇ ਰੋਕਥਾਮ

ਲਹੂ-ਮੂਤਣਾ ਜਾਂ ਬਬੇਸੀਆ ਰੋਗ ਜਾਂ ਚਿੱਚੜਾਂ ਦਾ ਰੋਗ, ਗਾਵਾਂ ਦਾ ਇੱਕ ਘਾਤਕ ਰੋਗ ਹੈ ਜੋ ਕਿ ਬਬੇਸੀਆ ਬੋਵਿਸ ਜਾਂ ਬਬੇਸੀਆ ਬਾਈਜੇਮੀਨਾ ਨਾਂ ਦੇ ਪਰਜੀਵੀਆਂ ਰਾਹੀਂ ਹੁੰਦਾ ਹੈ। ਦੇਸੀ ਗਾਵਾਂ ਦੇ ਮੁਕਾਬਲੇ ਦੋਗਲੀਆਂ ਗਾਵਾਂ ਇਸ ਰੋਗ ਤੋਂ ਵਧੇਰੇ ਪ੍ਰਭਾਵਿਤ ਹੁੰਦੀਆਂ ਹਨ। ਚਿੱਚੜ ਚਮੜੀ ਤੇ ਲੱਗ ਕੇ ਇਸ ਪਰਜੀਵੀ ਨੂੰ ਪਸ਼ੂ ਦੇ ਖੂਨ ਵਿੱਚ ਪਹੁੰਚਾ ਦਿੰਦੇ ਹਨ। ਖੂਨ ਵਿੱਚ ਇਹ ਜੀਵਾਣੂ ਖੂਨ ਵਾਲੇ ਸੈੱਲਾਂ ਤੇ ਹਮਲਾ ਕਰਕੇ ਉਹਨਾਂ ਨੂੰ ਨਸ਼ਟ ਕਰ ਦਿੰਦੇ ਹਨ ਜਿਸ ਕਰਕੇ ਪ੍ਰਭਾਵਿਤ ਪਸ਼ੂਆਂ ਵਿੱਚ ਲਹੂ ਮੂਤਣਾ ਆਮ ਦੇਖਿਆ ਜਾਂਦਾ ਹੈ। ਇਹ ਬਿਮਾਰੀ ਆਮ ਤੌਰ ਤੇ ਗਰਮੀਆਂ ਅਤੇ ਬਰਸਾਤਾਂ ਦੇ ਮਹੀਨਿਆਂ ਵਿੱਚ ਦੇਖਣ ਨੂੰ ਮਿਲਦੀ ਹੈ ਕਿਉਂਕਿ ਇਹਨਾਂ ਮਹੀਨਿਆਂ ਵਿੱਚ ਚਿੱਚੜਾਂ ਦੀ ਭਰਮਾਰ ਹੁੰਦੀ ਹੈ।

**ਬਿਮਾਰੀ ਦੇ ਲੱਛਣ**

ਇਸ ਬਿਮਾਰੀ ਦੌਰਾਨ ਪਸ਼ੂ ਨੂੰ ਤੇਜ਼ ਬੁਖਾਰ (105-106° ਫ਼ਾਰਨਹਾਈਟ) ਹੋ ਜਾਂਦਾ ਹੈ, ਪਿਸ਼ਾਬ ਦਾ ਰੰਗ ਕੌਫੀ ਵਰਗਾ ਜਾਂ ਗੂੜ੍ਹਾ ਭੂਰਾ ਹੋ ਜਾਂਦਾ ਹੈ ਅਤੇ ਇੰਝ ਲਗਦਾ ਹੈ ਕਿ ਜਿਵੇਂ ਪਿਸ਼ਾਬ ਵਿੱਚ ਲਹੂ ਆ ਰਿਹਾ ਹੋਵੇ ਅਤੇ ਦੁੱਧ ਦੀ ਪੈਦਾਵਾਰ ਘੱਟ ਜਾਂਦੀ ਹੈ। ਜ਼ਿਆਦਾ ਗੰਭੀਰ ਸਥਿਤੀ ਵਿੱਚ ਲਾਲ ਰਕਤ ਕਣਾਂ ਦੇ ਨਸ਼ਟ ਹੋਣ ਕਰਕੇ ਪੀਲੀਆ ਹੋ ਜਾਂਦਾ ਹੈ। ਪਸ਼ੂ ਨੂੰ ਥਕਾਵਟ ਹੁੰਦੀ ਹੈ ਅਤੇ ਉਸ ਦਾ ਭਾਰ ਘੱਟ ਜਾਂਦਾ ਹੈ। ਇਲਾਜ ਨਾ ਮਿਲਣ ਦੀ ਸੂਰਤ ਵਿੱਚ ਪਸ਼ੂ ਦੀ ਮੌਤ ਵੀ ਹੋ ਸਕਦੀ ਹੈ।



ਧਿਆਨਯੋਗ ਹੈ ਕਿ ਕਈ ਵਾਰ ਫਾਸਫੋਰਸ ਖਣਿਜ ਦੀ ਕਮੀ ਕਰਕੇ ਵੀ ਪਸ਼ੂਆਂ ਵਿੱਚ ਲਹੂ ਮੂਤਣ ਦੀ ਬਿਮਾਰੀ ਹੋ ਜਾਂਦੀ ਹੈ ਜਿਸ ਨੂੰ ਕਿਸਾਨ ਵੀਰ ਬਬੇਸੀਆ ਰੋਗ ਸਮਝ ਲੈਂਦੇ ਹਨ। ਕਿਸਾਨ ਵੀਰਾਂ ਨੂੰ ਇਸ ਸੰਬੰਧੀ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਫਾਸਫੋਰਸ ਦੀ ਘਾਟ ਹੋਣ ਤੇ ਪਸ਼ੂ ਨੂੰ ਬੁਖਾਰ ਨਹੀਂ ਚੜ੍ਹਦਾ ਜਦਕਿ ਬਬੇਸੀਆ ਰੋਗ ਵਿੱਚ ਤੇਜ਼ ਬੁਖਾਰ ਪ੍ਰਮੁੱਖ ਲੱਛਣ ਹੁੰਦਾ ਹੈ।

ਇਸ ਲਈ, ਬਬੇਸੀਆ ਰੋਗ ਦੀ ਪਛਾਣ ਕਰਨ ਦੇ ਲਈ ਲੈਬੋਰਟਰੀ ਵਿੱਚ ਪ੍ਰਭਾਵਿਤ ਪਸ਼ੂ ਦੇ ਖੂਨ ਦੀ ਜਾਂਚ ਕਰਵਾ ਲੈਣੀ ਚਾਹੀਦੀ ਹੈ ਅਤੇ ਡਾਕਟਰੀ ਸਲਾਹ ਨਾਲ ਦਵਾਈ ਦੇਣੀ ਚਾਹੀਦੀ ਹੈ।

**ਬਿਮਾਰੀ ਦੀ ਰੋਕਥਾਮ**

★ ਕਿਉਂਕਿ ਇਹ ਰੋਗ ਚਿੱਚੜਾਂ ਰਾਹੀਂ ਫੈਲਦਾ ਹੈ ਇਸ ਲਈ ਪਸ਼ੂਆਂ ਦੀ ਚਮੜੀ ਦੀ ਚਿੱਚੜਾਂ ਲਈ ਜਾਂਚ ਅਤੇ ਰੋਕਥਾਮ ਲਈ ਨਿਯਮਿਤ ਉਪਰਾਲੇ ਕਰਨੇ ਚਾਹੀਦੇ ਹਨ।

★ ਚਿੱਚੜਾਂ ਦੀ ਰੋਕਥਾਮ ਲਈ ਦਵਾਈਆਂ ਦੀ ਵਰਤੋਂ ਕਰਨ ਵੇਲੇ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਪਸ਼ੂਆਂ ਦੇ ਨਾਲ-ਨਾਲ ਉਹਨਾਂ ਦੇ ਵਾੜੇ/ਸ਼ੈੱਡਾਂ, ਸ਼ੈੱਡ ਦੇ ਫਰਸ਼ ਤੇ ਵੀ ਕੀਟਨਾਸ਼ਕ ਦਵਾਈਆਂ ਦਾ ਛਿੜਕਾਅ ਕੀਤਾ ਜਾਵੇ ਤਾਂ ਜੋ ਫਰਸ਼ ਤੋਂ ਚੜ੍ਹਨ ਵਾਲੇ ਚਿੱਚੜਾਂ ਦਾ ਖਾਤਮਾ ਕੀਤਾ ਜਾ ਸਕੇ।

★ ਸ਼ੈੱਡ ਦੀਆਂ ਦਰਾਰਾਂ ਅਤੇ ਵਿਰਲਾਂ ਵਿੱਚ ਵੀ ਕੀਟਨਾਸ਼ਕਾਂ ਦਾ ਛਿੜਕਾਅ ਕਰੋ ਕਿਉਂਕਿ ਚਿੱਚੜੀਆਂ ਆਮ ਤੌਰ ਤੇ ਵਿਰਲਾਂ ਅਤੇ ਦਰਾਰਾਂ ਵਿੱਚ ਹੀ ਆਪਣੇ ਅੰਡੇ ਦਿੰਦੀਆਂ ਹਨ ਅਤੇ ਚਿੱਚੜਾਂ ਦੇ ਨਾਲ-ਨਾਲ ਉਹਨਾਂ ਦਾ ਖਾਤਮਾ ਵੀ ਬਹੁਤ ਜ਼ਰੂਰੀ ਹੈ। ਧਿਆਨ ਰਹੇ ਕਿ ਇਹ ਛਿੜਕਾਅ ਹਫਤੇ ਦੇ ਵਕਫੇ ਤੇ ਦੁਹਰਾਉਣਾ ਚਾਹੀਦਾ ਹੈ।

★ ਜੈਵਿਕ ਤੌਰ ਤੇ ਚਿੱਚੜਾਂ ਨੂੰ ਕਾਬੂ ਕਰਨ ਲਈ ਪੋਲਟਰੀ ਪੰਛੀ ਵੀ ਸ਼ੈੱਡ ਵਿੱਚ ਛੱਡੇ ਜਾ ਸਕਦੇ ਹਨ।

**ਵਿਵੇਕ ਸ਼ਰਮਾ ਅਤੇ ਅਪਰਣਾ ਗੁਪਤਾ,**
**ਕ੍ਰਿਸ਼ੀ ਵਿਗਿਆਨ ਕੇਂਦਰ, ਸ੍ਰੀ ਮੁਕਤਸਰ ਸਾਹਿਬ**
**ਮੋਬਾਈਲ : 83607-10463**

# ਕਪਾਹ ਦੀ ਦਰਾਮਦ 'ਤੇ ਛੋਟ ਘਾਟੇ ਦਾ ਸੌਦਾ



**ਕਪਾਹ ਦਰਾਮਦ 'ਤੇ ਛੋਟ ਦਾ ਫ਼ੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਕਿਸਾਨਾਂ ਨੂੰ ਭਰੋਸਾ ਦੇਣ ਦੇ ਕੁਝ ਦਿਨਾਂ ਬਾਅਦ ਆਇਆ ਹੈ ਕਿ ਸਰਕਾਰ ਕਿਸਾਨਾਂ ਦੇ ਹਿੱਤਾਂ ਨਾਲ ਕਿਸੇ ਵੀ ਕੀਮਤ 'ਤੇ ਸਮਝੌਤਾ ਨਹੀਂ ਕਰੇਗੀ।**

ਸਰਕਾਰ ਨੇ 18 ਅਗਸਤ 2025 ਨੂੰ ਐਲਾਨ ਕੀਤਾ ਕਿ ਕਪਾਹ 'ਤੇ ਲਾਗੂ ਦਰਾਮਦ ਦਰ ਵਿੱਚ 11 ਫ਼ੀਸਦੀ ਛੋਟ 30 ਸਤੰਬਰ 2025 ਤੱਕ ਜਾਰੀ ਰਹੇਗੀ। ਸਿਰਫ਼ ਦਸ ਦਿਨਾਂ ਬਾਅਦ 28 ਅਗਸਤ ਨੂੰ ਸਰਕਾਰ ਨੇ ਇਸ ਛੋਟ ਨੂੰ ਵਧਾ ਕੇ 31 ਦਸੰਬਰ 2025 ਤੱਕ ਕਰ ਦਿੱਤਾ। ਇਹ ਫ਼ੈਸਲਾ ਦੇਸ਼ ਦੇ ਕਿਸਾਨਾਂ



**ਡਾ. ਸੁਖਪਾਲ ਸਿੰਘ**
ਚੇਅਰਮੈਨ, ਪੰਜਾਬ ਰਾਜ ਕਿਸਾਨ ਤੇ ਖੇਤੀ ਕਾਮੇ ਕਮਿਸ਼ਨ

ਲਈ ਵੱਡਾ ਝਟਕਾ ਹੈ, ਕਿਉਂਕਿ ਕਪਾਹ ਭਾਰਤੀ ਖੇਤੀ ਦਾ ਅਹਿਮ ਹਿੱਸਾ ਹੈ ਅਤੇ 60 ਲੱਖ ਤੋਂ ਵੱਧ ਕਿਸਾਨ ਇਸ ਦੀ ਕਾਸ਼ਤ ਕਰਦੇ ਹਨ। ਇਹ ਪੰਜਾਬ ਵਰਗੇ ਸੂਬਿਆਂ ਵਿੱਚ ਕਿਸਾਨਾਂ ਲਈ ਫ਼ਸਲੀ ਵੰਨ ਸਵੰਨਤਾ ਦਾ ਮੁੱਖ ਸਰੋਤ ਵੀ ਹੈ। ਇਹ ਫ਼ੈਸਲਾ ਅਜਿਹੇ ਸਮੇਂ ਆਇਆ ਹੈ, ਜਦੋਂ ਫ਼ਸਲ ਚੁਗਣ ਦਾ ਸਮਾਂ ਸਿਰ 'ਤੇ ਹੈ। ਇਸ ਨਾਲ ਕਪਾਹ ਕੀਮਤਾਂ ਵਿੱਚ ਵੱਡੀ ਗਿਰਾਵਟ ਆਵੇਗੀ, ਜਿਸ ਨਾਲ ਕਿਸਾਨਾਂ ਦੀਆਂ ਮੁਸ਼ਕਿਲਾਂ ਵਧਣਗੀਆਂ। ਇਹ ਟੈਰਿਫ, ਜਿਸ ਵਿੱਚ 10 ਫ਼ੀਸਦੀ ਮੁੱਢਲੀ ਕਸਟਮ ਡਿਊਟੀ ਤੇ ਇਸ ਉੱਤੇ 10 ਫ਼ੀਸਦੀ ਖੇਤੀਬਾੜੀ ਬੁਨਿਆਦੀ ਢਾਂਚਾ ਸੈੱਸ ਸ਼ਾਮਿਲ ਹੈ, ਜੋੜ ਕੇ ਕਪਾਹ ਦੀ ਦਰਾਮਦ ਉੱਤੇ ਕੁੱਲ 11 ਫ਼ੀਸਦੀ ਡਿਊਟੀ ਲੱਗਦੀ ਸੀ। ਇਹ ਅਜਿਹਾ ਅਹਿਮ ਸਾਧਨ ਸੀ ਜੋ ਕਿਸਾਨਾਂ ਦੀ ਵਿਕਸਤ ਦੇਸ਼ਾਂ, ਖ਼ਾਸ ਕਰ ਕੇ ਆਸਟਰੇਲੀਆ ਤੇ ਅਮਰੀਕਾ ਤੋਂ ਆਉਂਦੀ ਦਿਖਾਵਟੀ ਤੌਰ 'ਤੇ ਘੱਟ ਕੀਮਤ ਵਾਲੀ ਕਪਾਹ ਤੋਂ ਰੱਖਿਆ ਕਰਦਾ ਸੀ। ਅਮਰੀਕਾ ਵੱਲ ਟੈਰਿਫ ਲਾਉਣ ਦੀਆਂ ਧਮਕੀਆਂ ਅਤੇ ਕੱਪੜਾ ਉਦਯੋਗ ਦੇ ਦਬਾਅ ਹੇਠ ਕੇਂਦਰ ਸਰਕਾਰ ਨੇ ਸਭ ਤੋਂ ਕਮਜ਼ੋਰ ਕਿਸਾਨਾਂ ਦੀ ਕੁਰਬਾਨੀ ਦੇਣ ਦਾ ਫ਼ੈਸਲਾ ਕੀਤਾ ਹੈ ਜੋ ਸਭ ਤੋਂ ਅਸਥਿਰ ਕਪਾਹ ਦੀ ਫ਼ਸਲ ਦੀ ਖੇਤੀ ਕਰ ਰਹੇ ਹਨ।

ਕਪਾਹ ਦੀ ਪੈਦਾਵਾਰ ਦੇਸ਼ ਵਿੱਚ ਲਗਾਤਾਰ ਘੱਟ ਰਹੀ ਹੈ। ਇਹ 2014-15 ਵਿੱਚ 65.6 ਲੱਖ ਮੀਟ੍ਰਿਕ ਟਨ ਤੋਂ ਘੱਟ ਕੇ 2023-24 ਵਿੱਚ 56 ਲੱਖ ਮੀਟ੍ਰਿਕ ਟਨ ਰਹਿ ਗਈ ਹੈ। ਪੰਜਾਬ ਵਿੱਚ ਕਪਾਹ ਦੀ ਕਾਸ਼ਤ ਅਧੀਨ ਰਕਬਾ 1998-99 ਵਿੱਚ 7.42 ਲੱਖ ਹੈਕਟੇਅਰ ਸੀ, ਹੁਣ 2025-26 ਵਿੱਚ ਇਹ ਇੱਕ ਲੱਖ ਹੈਕਟੇਅਰ ਤੋਂ ਵੀ ਘੱਟ ਰਹਿ ਗਿਆ। ਕੇਂਦਰ ਸਰਕਾਰ ਦਾ ਇਹ ਫ਼ੈਸਲਾ ਪੰਜਾਬ ਵਿੱਚ ਫ਼ਸਲੀ ਵੰਨ-ਸਵੰਨਤਾ ਤਹਿਤ ਆਉਂਦੀ ਮੁੱਖ ਬਦਲਵੀ ਫ਼ਸਲ ਦੇ ਭਵਿੱਖ ਨੂੰ ਖ਼ਤਰੇ ਵਿੱਚ ਪਾਉਂਦਾ ਹੈ। ਡਿਊਟੀ ਮੁਅੱਤਲ ਕਰਨ ਦੇ ਐਲਾਨ ਤੋਂ ਪਹਿਲਾਂ ਹੀ ਕਪਾਹ ਦੀ ਦਰਾਮਦ ਰਿਕਾਰਡ ਪੱਧਰ 'ਤੇ ਸੀ, ਜੋ 2023-24 ਵਿੱਚ 57.92 ਕਰੋੜ ਡਾਲਰ ਤੋਂ 107.4 ਫ਼ੀਸਦੀ ਵੱਧ ਕੇ 2024-25 ਵਿੱਚ 1.20 ਅਰਬ ਡਾਲਰ ਹੋ ਗਈ ਸੀ। ਡਿਊਟੀ ਖ਼ਤਮ ਹੋਣ ਨਾਲ ਦਰਾਮਦ ਹੋਰ ਵਧੇਗੀ, ਜਿਸ ਨਾਲ ਕੀਮਤਾਂ ਹੋਰ ਹੇਠਾਂ ਆ ਜਾਣਗੀਆਂ।

ਅਸਲ ਵਿੱਚ ਡਿਊਟੀ ਹਟਾਉਣ ਤੋਂ ਤੁਰੰਤ ਬਾਅਦ ਕਪਾਹ ਦੀਆਂ ਕੀਮਤਾਂ ਘਟਣੀਆਂ ਸ਼ੁਰੂ ਹੋ ਗਈਆਂ ਹਨ। ਫ਼ਿਲਹਾਲ ਭਾਰਤੀ ਕਪਾਹ ਨਿਗਮ ਦੀ ਵਿਕਰੀ ਦਰ 356 ਕਿਲੋ ਦੀ ਗੰਢ ਲਈ ਲਗਭਗ 56,000 ਰੁਪਏ ਹੈ, ਡਿਊਟੀ ਹਟਾਉਣ ਤੋਂ ਬਾਅਦ ਦਰਾਮਦ ਕੀਤੀ ਕਪਾਹ ਦੀ ਕੀਮਤ ਲਗਭਗ 50,000 ਰੁਪਏ ਪ੍ਰਤੀ ਗੰਢ ਹੋਣ ਦਾ ਖ਼ਦਸ਼ਾ ਹੈ। ਮੌਜੂਦਾ ਫ਼ਸਲ ਲਈ ਸਰਕਾਰ ਨੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਵਿੱਚ ਅੱਠ ਫ਼ੀਸਦੀ ਵਾਧਾ ਕੀਤਾ ਸੀ, ਇਸ ਨਾਲ ਕਿਸਾਨਾਂ ਨੂੰ ਪ੍ਰਤੀ ਗੰਢ ਲਗਭਗ 61,000 ਰੁਪਏ ਮਿਲਣ ਦੀ ਉਮੀਦ ਸੀ ਪਰ ਸਸਤੀ ਮੰਗਵਾਈ ਕਪਾਹ ਮਿਲਣ ਕਾਰਨ, ਕਿਸਾਨਾਂ ਲਈ ਇਸ ਅੰਕੜੇ ਦੇ ਨੇੜੇ ਪਹੁੰਚਣਾ ਵੀ ਮੁਸ਼ਕਿਲ ਹੋਵੇਗਾ। ਸਸਤੀ ਦਰਾਮਦ ਕੀਤੀ ਕਪਾਹ ਕਾਰਨ ਕਿਸਾਨ ਇਸ ਫ਼ਸਲ ਦੀ ਬਿਜਾਈ ਕਰਨ ਤੋਂ ਨਿਰਾਸ਼ ਹੋ ਕੇ ਪਿੱਛੇ ਹੱਟ ਸਕਦੇ ਹਨ।

ਕਪਾਹ ਨਿਗਮ ਜੋ ਬਾਜ਼ਾਰ ਨੂੰ ਸਥਿਰ ਰੱਖਣ ਲਈ ਘੱਟੋ-ਘੱਟ ਸਮਰਥਨ ਮੁੱਲ 'ਤੇ ਕਪਾਹ ਖਰੀਦਦਾ ਹੈ, ਦੀ ਭੂਮਿਕਾ ਕਮਜ਼ੋਰ ਹੋਣ ਦਾ ਖ਼ਦਸ਼ਾ ਵੀ ਹੈ ਕਿਉਂਕਿ ਸਸਤੀ ਦਰਾਮਦ ਇਸ ਦੇ ਸਟਾਕ ਵਿੱਚ ਰੁਚੀ ਘਟਾ ਦੇਵੇਗੀ। ਕਪਾਹ ਦਾ ਘੱਟੋ-ਘੱਟ ਸਮਰਥਨ ਮੁੱਲ ਵਰਤਮਾਨ ਸਮੇਂ 7,710 ਰੁਪਏ ਪ੍ਰਤੀ ਕੁਇੰਟਲ ਹੈ; ਸੀ2+50 ਪ੍ਰਤੀਸ਼ਤ ਉਤਪਾਦਨ ਲਾਗਤ ਲਗਭਗ 10,000 ਰੁਪਏ ਪ੍ਰਤੀ ਕੁਇੰਟਲ ਹੋਣ ਦਾ ਅਨੁਮਾਨ ਹੈ, ਜਿਸ ਨਾਲ ਕਿਸਾਨਾਂ ਨੂੰ ਲਗਭਗ 2,300 ਰੁਪਏ ਪ੍ਰਤੀ ਕੁਇੰਟਲ ਦਾ ਘਾਟਾ ਪਵੇਗਾ। ਘਰੇਲੂ ਬਾਜ਼ਾਰ ਵਿੱਚ ਕੀਮਤਾਂ ਪਹਿਲਾਂ ਹੀ ਘੱਟੋ-ਘੱਟ ਸਮਰਥਨ ਮੁੱਲ ਤੋਂ ਕਾਫ਼ੀ ਹੇਠਾਂ ਹਨ, ਜੋ 5,500 ਤੋਂ 6,500 ਰੁਪਏ ਪ੍ਰਤੀ ਕੁਇੰਟਲ ਦੇ ਵਿਚਕਾਰ ਹਨ। ਨਵਾਂ ਫ਼ੈਸਲਾ ਇਹ ਪਾੜਾ ਹੋਰ ਵਧਾਏਗਾ। ਦੂਜੇ ਸ਼ਬਦਾਂ ਵਿੱਚ ਸਰਕਾਰ ਦਾ ਇਹ ਫ਼ੈਸਲਾ ਅਜਿਹਾ ਬਾਜ਼ਾਰ ਕਾਇਮ ਕਰੇਗਾ ਜਿੱਥੇ ਘਰੇਲੂ ਉਤਪਾਦਕ ਆਪਣੀ ਫ਼ਸਲ ਦੀ ਕੀਮਤ ਵਸੂਲਣ ਜੋਗੇ ਨਹੀਂ ਰਹਿਣਗੇ।

ਇਸ ਨੀਤੀ ਦਾ ਇਨਸਾਨੀ ਨੁਕਸਾਨ ਖ਼ਾਸ ਤੌਰ 'ਤੇ ਪੰਜਾਬ, ਤਿਲੰਗਾਨਾ ਤੇ ਮਹਾਰਾਸ਼ਟਰ ਵਰਗੇ ਕਪਾਹ ਉਤਪਾਦਕ ਖੇਤਰਾਂ ਵਿੱਚ ਦਿਖਾਈ ਦੇਵੇਗਾ, ਜੋ ਪਹਿਲਾਂ ਹੀ ਸਭ ਤੋਂ ਵੱਧ ਕਰਜ਼ੇ ਹੇਠ ਦੱਬੇ ਖੇਤੀ ਖੇਤਰਾਂ ਵਿੱਚੋਂ ਇੱਕ ਹਨ। ਇਕੱਲੇ ਪੰਜਾਬ ਵਿੱਚ ਹੀ 2024 ਵਿੱਚ ਕਿਸਾਨਾਂ ਦਾ ਕਰਜ਼ਾ 1,04,064 ਕਰੋੜ ਰੁਪਏ ਸੀ, ਇਸ ਦੀ ਔਸਤ ਪ੍ਰਤੀ ਖਾਤਾ 2.71 ਲੱਖ ਰੁਪਏ ਸੀ। ਪੰਜਾਬ ਦੀ ਕਪਾਹ ਪੱਟੀ, ਭਾਵ ਦੱਖਣ ਪੱਛਮੀ ਜ਼ਿਲ੍ਹਿਆਂ ਦੇ ਕਿਸਾਨਾਂ ਦੀ ਕਰਜ਼ੇ ਤੇ ਤਣਾਅ ਹੇਠ ਆਉਣ ਦਾ ਖ਼ਦਸ਼ਾ ਵੱਧ ਹੈ ਕਿਉਂਕਿ ਹਾਲ ਹੀ ਵਿੱਚ ਕਪਾਹ ਦੀ ਫ਼ਸਲ ਉੱਥੇ ਕਮਜ਼ੋਰ ਰਹੀ ਹੈ। ਇੱਥੇ ਜੈਵਿਕ ਅਤੇ ਗੈਰ-ਜੈਵਿਕ ਕਾਰਨਾਂ ਕਰ ਕੇ ਫ਼ਸਲਾਂ ਦੇ ਖ਼ਰਾਬੇ ਦੀਆਂ ਕਈ ਘਟਨਾਵਾਂ ਹੋਈਆਂ ਹਨ। ਪੀਏਯੂ ਦੇ ਇੱਕ ਅਧਿਐਨ ਅਨੁਸਾਰ, ਕਰਜ਼ੇ ਹੇਠ ਆਏ ਕਿਸਾਨਾਂ ਦੀ ਪ੍ਰਤੀਸ਼ਤ ਇੱਥੇ ਰਾਜ ਦੇ ਦੂਜੇ ਖੇਤਰਾਂ ਨਾਲੋਂ ਬਹੁਤ ਜ਼ਿਆਦਾ 93.50 ਪ੍ਰਤੀਸ਼ਤ ਸੀ। ਇਸੇ ਤਰ੍ਹਾਂ, ਅਰਧ-ਪਹਾੜੀ ਖੇਤਰ ਵਿੱਚ ਪ੍ਰਤੀ ਪਰਿਵਾਰ ਕਰਜ਼ੇ ਦੀ ਰਕਮ 37,717 ਰੁਪਏ ਕੇਂਦਰੀ ਖੇਤਰ ਵਿੱਚ 1,52,266 ਅਤੇ ਪੰਜਾਬ ਦੇ ਦੱਖਣ-ਪੱਛਮੀ ਖੇਤਰ ਵਿੱਚ 2,66,637 ਰੁਪਏ ਸੀ। ਦੇਸ਼ ਦੀਆਂ ਲਗਭਗ ਸਾਰੀਆਂ ਕਪਾਹ ਪੱਟੀਆਂ ਵਿੱਚ ਕਿਸਾਨ ਖੁਦਕੁਸ਼ੀਆਂ ਦੀ ਦਰ ਸਭ ਤੋਂ ਵੱਧ ਹੈ, ਖਾਸ ਕਰ ਕੇ ਮਹਾਰਾਸ਼ਟਰ ਵਿੱਚ ਮਰਾਠਵਾੜਾ ਤੇ ਵਿਦਰਭ ਅਤੇ ਪੰਜਾਬ ਦੇ ਦੱਖਣ-ਪੱਛਮੀ ਖੇਤਰ ਵਿੱਚ। ਮਰਾਠਵਾੜਾ ਖੇਤਰ ਵਿੱਚ, ਇਸ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਹੀ 269 ਖੁਦਕੁਸ਼ੀਆਂ ਦਰਜ ਹੋਈਆਂ ਹਨ। ਇਸ ਨੀਤੀ ਵਿੱਚ ਤਬਦੀਲੀ, ਜਿਸ ਨਾਲ ਇਨ੍ਹਾਂ ਤੰਗ ਕਿਸਾਨਾਂ ਦੀਆਂ ਫ਼ਸਲਾਂ ਹੋਰ ਸਸਤੀਆਂ ਹੋ ਜਾਣਗੀਆਂ, ਕਈ ਹੋਰਨਾਂ ਕਿਸਾਨਾਂ ਦੀ ਮੌਤ ਦਾ ਕਾਰਨ ਬਣ ਸਕਦੀ ਹੈ।

ਅਸਰਾਂ ਦਾ ਦਾਇਰਾ ਵਿਆਪਕ ਹੈ। ਜੇ ਦੂਜੇ ਦੇਸ਼ਾਂ ਤੋਂ ਆਈ ਸਸਤੀ ਕਪਾਹ ਨਾਲ ਬਾਜ਼ਾਰ ਭਰ ਜਾਵੇ ਤਾਂ ਭਾਰਤ ਨਿਰਾ ਕਪਾਹ ਦਰਾਮਦਕਾਰ ਬਣ ਕੇ ਰਹਿ ਸਕਦਾ ਹੈ, ਜਿਵੇਂ ਤੇਲ ਬੀਜਾਂ ਤੇ ਦਾਲਾਂ ਦੇ ਮਾਮਲੇ ਵਿੱਚ ਹੈ। ਇਨ੍ਹਾਂ ਫ਼ਸਲਾਂ ਦੀ ਦਰਾਮਦ 'ਤੇ ਸਾਲਾਨਾ ਲਗਭਗ 2 ਲੱਖ ਕਰੋੜ ਰੁਪਏ ਖਰਚ ਹੁੰਦਾ ਹੈ। ਭਾਰਤ ਦੀਆਂ ਉਤਪਾਦਨ ਲਾਗਤਾਂ ਵੀ ਬ੍ਰਾਜ਼ੀਲ ਅਤੇ ਆਸਟਰੇਲੀਆ ਵਰਗੇ ਮੁਕਾਬਲੇ ਦੇ ਦੇਸ਼ਾਂ ਨਾਲੋਂ ਜ਼ਿਆਦਾ ਹਨ। ਇਨ੍ਹਾਂ ਹਾਲਾਤ ਨੂੰ ਵਿਸ਼ਵ ਪੱਧਰ 'ਤੇ ਸਬਸਿਡੀਆਂ ਦਾ ਅਸੰਤੁਲਨ ਹੋਰ ਬਦਤਰ ਬਣਾਉਂਦਾ ਹੈ। 2024 ਵਿੱਚ ਅਮਰੀਕਾ ਸਰਕਾਰ ਨੇ ਆਪਣੇ ਕਿਸਾਨਾਂ ਨੂੰ ਜਿਣਸੀ ਫ਼ਸਲਾਂ ਲਈ ਸਬਸਿਡੀ ਦੇ ਰੂਪ ਵਿੱਚ 9.3 ਅਰਬ ਡਾਲਰ ਦਿੱਤੇ। ਅਮਰੀਕਾ ਦੇ ਨਾਲ ਹੀ ਦੇ ਟੈਕਸ ਬਿਲ ਵਿੱਚ ਅਗਲੇ ਦਹਾਕੇ ਦੌਰਾਨ ਕਿਸਾਨਾਂ ਨੂੰ ਸਬਸਿਡੀਆਂ ਤੇ ਸਿੱਧੇ ਭੁਗਤਾਨਾਂ ਦੇ ਰੂਪ ਵਿੱਚ 60 ਅਰਬ ਡਾਲਰ ਦੇਣ ਦੀ ਤਜਵੀਜ਼ ਹੈ। ਇਹ ਫ਼ਰਕ ਯਕੀਨੀ ਬਣਾਉਂਦਾ ਹੈ ਕਿ ਅਮਰੀਕੀ ਕਪਾਹ ਦਿਖਾਵਟੀ ਤੌਰ 'ਤੇ ਘੱਟ ਕੀਮਤਾਂ ਉੱਤੇ ਵਿਸ਼ਵ ਬਾਜ਼ਾਰ ਵਿੱਚ ਦਾਖ਼ਲ ਹੋਵੇ, ਜਿਸ ਨਾਲ ਭਾਰਤੀ ਕਿਸਾਨਾਂ ਨੂੰ ਘਾਟਾ ਪਵੇ ਜੋ ਪਹਿਲਾਂ ਹੀ ਹਲਕੇ ਮੁਨਾਫ਼ੇ 'ਤੇ ਕੰਮ ਕਰ ਰਹੇ ਹਨ। ਅਜਿਹੇ ਨਾਜ਼ੁਕ ਪ੍ਰਸੰਗ ਵਿੱਚ ਸਬਸਿਡੀ ਵਾਲੀ ਦਰਾਮਦ ਦੀ ਆਮਦ ਭਾਰਤ ਦੇ ਕਪਾਹ ਅਰਥਚਾਰੇ ਦੀ ਗਿਰਾਵਟ ਨੂੰ ਹੋਰ ਤੇਜ਼ ਕਰ ਸਕਦੀ ਹੈ।

ਇੱਕ ਹੋਰ ਵੱਡਾ ਝਟਕਾ ਅਮਰੀਕਾ ਦੁਆਰਾ ਭਾਰਤੀ ਬਰਾਮਦਾਂ 'ਤੇ ਲਗਾਇਆ 50 ਫ਼ੀਸਦੀ ਟੈਰਿਫ ਹੈ, ਜਿਹੜਾ ਭਾਰਤ ਤੋਂ ਵੱਡੀ ਗਿਣਤੀ ਵਿੱਚ ਟੈਕਸਟਾਈਲ ਵਸਤਾਂ ਮੰਗਵਾਉਣਾ ਹੈ। ਮੰਨਿਆ ਜਾਂਦਾ ਹੈ ਕਿ ਅਮਰੀਕਾ ਦੇ 6 ਅਗਸਤ ਨੂੰ ਲਾਗੂ ਟੈਰਿਫ ਵਧੇ ਤੋਂ ਬਾਅਦ, ਦੇਸ਼ ਵਿੱਚ ਕਪਾਹ ਦੇ ਧਾਗੇ ਦੀ ਖ਼ਰੀਦ ਅੱਧੀ ਰਹਿ ਗਈ ਹੈ। ਇਨ੍ਹਾਂ ਟੈਕਸਾਂ ਕਾਰਨ ਕੱਪੜਾ ਕਾਰੋਬਾਰ ਦੇ ਸੁਸਤ ਹੋਣ ਨਾਲ ਕਪਾਹ ਦੀ ਮੰਗ ਪਹਿਲਾਂ ਹੀ ਘਟਣ ਵਾਲੀ ਸੀ, ਭਾਵੇਂ ਦਰਾਮਦ ਡਿਊਟੀ ਲਾਗੂ ਸੀ।

ਇਸ ਐਲਾਨ ਬਾਰੇ ਵਿਅੰਗ ਇਹ ਹੈ ਕਿ ਇਹ ਪ੍ਰਧਾਨ ਮੰਤਰੀ ਵੱਲੋਂ ਕਿਸਾਨਾਂ ਨੂੰ ਭਰੋਸਾ ਦੇਣ ਦੇ ਕੁਝ ਦਿਨਾਂ ਬਾਅਦ ਆਇਆ ਹੈ ਕਿ ਸਰਕਾਰ ਕਿਸਾਨਾਂ ਦੇ ਹਿੱਤਾਂ ਨਾਲ ਕਿਸੇ ਵੀ ਕੀਮਤ 'ਤੇ ਸਮਝੌਤਾ ਨਹੀਂ ਕਰੇਗੀ। ਇਸ ਦੇ ਉਲਟ, ਸਰਕਾਰ ਨੇ ਕੱਪੜਾ ਉਦਯੋਗ ਨੂੰ ਰਾਹਤ ਦੇਣ ਦੇ ਨਾਂ 'ਤੇ ਦਰਾਮਦ ਡਿਊਟੀ ਹਟਾ ਦਿੱਤੀ ਹੈ ਜੋ ਲੱਖਾਂ ਕਪਾਹ ਉਤਪਾਦਕਾਂ ਦੇ ਭਵਿੱਖ ਨੂੰ ਹਨੇਰੇ ਦੌਰ ਵਿੱਚ ਧੱਕ ਦੇਵੇਗੀ। ਪਹਿਲਾਂ ਹੀ ਵੱਧ ਖੇਤੀ ਲਾਗਤਾਂ, ਘਟਦੇ ਰਕਬੇ, ਵਧਦੇ ਕਰਜ਼ੇ ਅਤੇ ਅਨਿਸ਼ਚਿਤ ਸਬਸਿਡੀ ਪ੍ਰਣਾਲੀ ਨਾਲ ਜੂਝ ਰਹੇ ਪੰਜਾਬ ਤੇ ਦੇਸ਼ ਭਰ ਦੇ ਕਿਸਾਨਾਂ ਨੂੰ ਹੁਣ ਇੱਕ ਹੋਰ ਝਟਕੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਕਦਮ ਨੀਤੀ ਦੀ ਦਸ਼ਾ ਤੋਂ ਦਿਸ਼ਾ ਬਾਰੇ ਵੱਡੇ ਸਵਾਲ ਖੜ੍ਹੇ ਕਰਦਾ ਹੈ। ਘਰੇਲੂ ਉਤਪਾਦਨ ਨੂੰ ਮਜ਼ਬੂਤ ਅਤੇ ਕਪਾਹ ਦੀ ਕਾਸ਼ਤ ਕਰਨ ਵਾਲਿਆਂ ਨੂੰ ਦਰਪੇਸ਼ ਢਾਂਚਾਗਤ ਮੁੱਦਿਆਂ, ਜਿਵੇਂ ਕੀੜਿਆਂ ਦਾ ਹਮਲਾ, ਭਰੋਸੇਯੋਗ ਖਰੀਦ ਦੀ ਘਾਟ ਤੇ ਨਾਕਾਫੀ ਸਮਰਥਨ ਮੁੱਲ, ਦਾ ਹੱਲ ਕਰਨ ਦੀ ਬਜਾਏ ਸਰਕਾਰ ਨੇ ਆਰਜ਼ੀ ਹੱਲ ਚੁਣਿਆ ਹੈ ਜੋ ਦੂਜੇ ਦੇਸ਼ਾਂ ਨੂੰ ਲਾਭ ਪਹੁੰਚਾਉਂਦਾ ਹੈ ਤੇ ਕਿਸਾਨਾਂ ਦਾ ਨੁਕਸਾਨ ਕਰਦਾ ਹੈ। ਜਦ ਤੱਕ ਸਰਕਾਰ ਦਾ ਫ਼ੈਸਲਾ ਵਾਪਸ ਨਹੀਂ ਹੁੰਦਾ, ਇਹ ਕਿਸਾਨਾਂ ਨੂੰ ਕਪਾਹ ਦੀ ਕਾਸ਼ਤ ਤੋਂ ਰੋਕਣ, ਪੇਂਡੂ ਕਰਜ਼ੇ ਨੂੰ ਹੋਰ ਵਿਗਾੜਨ ਅਤੇ ਖੇਤੀ ਸੰਕਟ ਨੂੰ ਜ਼ਿਆਦਾ ਡੂੰਘਾ ਕਰਨ ਦਾ ਖ਼ਤਰਾ ਪੈਦਾ ਕਰਦਾ ਰਹੇਗਾ।



# ਮਹਿੰਗਾਈ ਦੀ ਮਾਰ ਝੱਲ ਰਿਹਾ ਪਸ਼ੂ ਪਾਲਣ ਦਾ ਧੰਦਾ

ਬ੍ਰਿਸ ਭਾਨ ਬੁਜਰਕ
ਮੋ. 98761-01698

**ਹਰਾ ਚਾਰਾ ਦਵਾਈਆਂ ਦੀ ਮਾਰ ਹੇਠਾਂ ਆ ਰਿਹਾ ਹੈ। ਇਸੇ ਕਾਰਨ ਪਿੰਡਾਂ ਵਿੱਚ ਦੁੱਧ ਉਤਪਾਦਕਤਾ ਲਗਾਤਾਰ ਘਟਦੀ ਜਾ ਰਹੀ ਹੈ...**



ਦਿਨੋਂ ਦਿਨ ਵੱਧ ਰਹੀ ਮਹਿੰਗਾਈ ਕਾਰਨ ਪੰਜਾਬ ਵਿੱਚ ਪਸ਼ੂ ਪਾਲਣ ਧੰਦਾ ਬਹੁਤਾ ਵਧੀਆ ਨਹੀਂ ਰਿਹਾ। ਬੇਸ਼ੱਕ ਡੇਅਰੀ ਅਤੇ ਪਸ਼ੂ ਪਾਲਣ ਵਿਭਾਗ ਵਲੋਂ ਡੇਅਰੀ ਫਾਰਮਿੰਗ ਦੇ ਨਾਂ ਹੇਠ ਇਸ ਸਹਾਇਕ ਧੰਦੇ ਨੂੰ ਪ੍ਰਫੁੱਲਿਤ ਕਰਨ ਦੀ ਹਰ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਪਸ਼ੂਆਂ ਤੇ ਉਨ੍ਹਾਂ ਦੀ ਖੁਰਾਕ ਦੀਆਂ ਕੀਮਤਾਂ ਵੱਧਣ ਅਤੇ ਦੁੱਧ ਦੀਆਂ ਕੀਮਤਾਂ ਘਟਣ ਕਰਕੇ ਜ਼ਿਆਦਾਤਰ ਡੇਅਰੀ ਫਾਰਮਰ ਆਰਥਿਕ ਤੰਗੀ ਦਾ ਸ਼ਿਕਾਰ ਹਨ। ਪਸ਼ੂ ਪਾਲਣ ਦਾ ਧੰਦਾ ਘਰੇਲੂ ਪੱਧਰ 'ਤੇ ਵੀ ਖਤਮ ਹੋਣ ਕਿਨਾਰੇ ਖੜ੍ਹ ਗਿਆ ਹੈ ਕਿਉਂਕਿ ਇੱਕ/ਦੋ ਦੁਧਾਰੂ ਪਸ਼ੂ ਰੱਖਣ ਵਾਲੇ ਪਰਿਵਾਰ ਵੀ ਹਰੇ ਚਾਰੇ ਦੀ ਘਾਟ ਕਾਰਨ ਪਸ਼ੂ ਰੱਖਣ ਤੋਂ ਪਾਸਾ ਹੀ ਵੱਟ ਰਹੇ ਹਨ, ਜਿਸ ਕਰਕੇ ਪੰਜਾਬ ਦੇ ਪਿੰਡਾਂ ਵਿੱਚੋਂ ਦੁੱਧ ਹੀ ਗਾਇਬ ਹੁੰਦਾ ਜਾ ਰਿਹਾ ਹੈ। ਖੇਤਾਂ ਦੇ ਵੱਟ ਬੰਨਿਆਂ, ਨਹਿਰਾਂ, ਫ਼ਸਲਾਂ, ਸੜਕਾਂ ਅਤੇ ਹੋਰ ਕਈ ਕੁਦਰਤੀ ਸਾਧਨਾਂ ਵਿੱਚੋਂ ਮਿਲਦਾ ਹਰਾ ਚਾਰਾ ਨਦੀਨ ਨਾਸ਼ਕ ਦਵਾਈਆਂ ਦੀ ਮਾਰ ਹੇਠ ਆਉਣ ਨਾਲ ਇਹ ਸਾਧਨ ਵੀ ਖ਼ਤਮ ਹੋ ਗਿਆ ਹੈ। ਇਸ ਕਰਕੇ ਪਸ਼ੂ ਪਾਲਣਾ ਆਮ ਲੋਕਾਂ ਦੇ ਘਰਾਂ ਵਿੱਚੋਂ ਗਾਇਬ ਹੋ ਕੇ ਵੱਡੇ-ਵੱਡੇ ਫ਼ਾਰਮਾਂ ਦਾ ਰੂਪ ਧਾਰਨ ਕਰ ਜਾਵੇਗਾ। ਜੇਕਰ ਸੁੱਕੇ ਚਾਰੇ ਦੀ ਗੱਲ ਕੀਤੀ ਜਾਵੇ ਤਾਂ ਉਹ ਵੀ ਆਮ ਪਸ਼ੂ ਪਾਲਕਾਂ ਦੇ ਵੱਸੋਂ ਬਾਹਰ ਹੁੰਦਾ ਜਾ ਰਿਹਾ ਹੈ।


ਇੱਕ ਛੋਟਾ ਜਿਹਾ ਡੇਅਰੀ ਫਾਰਮ ਚਲਾਉਣ ਲਈ ਵੀ ਘੱਟੋ-ਘੱਟ 10 ਲੱਖ ਰੁਪਏ ਦੀ ਜ਼ਰੂਰਤ ਪੈਂਦੀ ਹੈ। ਇਸ ਕਰਕੇ ਛੋਟਾ ਤੇ ਦਰਮਿਆਨਾ ਪਸ਼ੂ ਪਾਲਕ ਖ਼ਤਮ ਹੋਣ ਕਿਨਾਰੇ ਖੜ੍ਹਾ ਹੈ। ਛੋਟਾ ਅਤੇ ਦਰਮਿਆਨਾ ਪਸ਼ੂ ਪਾਲਕ ਮਹਿੰਗਾਈ ਦੀ ਚੱਕੀ ਵਿੱਚ ਹੀ ਪਿਸ ਕੇ ਰਹਿ ਜਾਂਦਾ ਹੈ। ਦੂਸਰੀ ਵੱਡੀ ਸਮੱਸਿਆ ਪਸ਼ੂਆਂ ਲਈ ਮਜ਼ਦੂਰ ਨਹੀਂ ਮਿਲਦੇ। ਪੱਠੇ ਵੱਢਣ ਵਾਲੀਆਂ ਮਸ਼ੀਨਾਂ ਮਹਿੰਗਾਈ ਹੋਣ ਕਰ ਕੇ ਹਰ ਪਸ਼ੂ ਪਾਲਕ ਉਨ੍ਹਾਂ ਨੂੰ ਖਰੀਦ ਨਹੀਂ ਸਕਦਾ। ਪੱਠੇ ਵੱਢ ਕੇ ਕੁਤਰਨ ਵਾਲੀ ਮਸ਼ੀਨ ਹੋਰ ਵੀ ਮਹਿੰਗੀ ਹੈ। ਪਸ਼ੂਆਂ ਦੀ ਖੁਰਾਕ ਦੇ ਨਾਲ ਇਲਾਜ ਦਾ ਖਰਚਾ ਮਹਿੰਗਾ ਹੋ ਗਿਆ ਹੈ। ਦੁੱਧ ਦੀ ਪੈਦਾਵਾਰ ਕਰਨ ਵਾਲੀ ਪਸ਼ੂ ਪਾਲਕਾਂ ਨਾਲੋਂ ਬਿਨ੍ਹਾਂ ਕੋਈ ਖਰਚ ਕੀਤੇ ਘਰਾਂ ਵਿੱਚ ਦੁੱਧ ਪਾਉਣ ਵਾਲਾ ਜ਼ਿਆਦਾ ਕਮਾਈ ਕਰ ਰਿਹਾ ਹੈ। ਪਸ਼ੂ ਪਾਲਕ ਨੂੰ ਖਰਚਾ ਕੱਢ ਕੇ ਮੁਸ਼ਕਿਲ ਨਾਲ ਕੁਇੰਟਲ ਦੁੱਧ ਬਦਲੇ ਦੋ ਸੌ ਰੁਪਏ ਬਣਦੇ ਹੈ ਪਰ ਪਿੰਡ ਵਿੱਚੋਂ ਦੁੱਧ ਖਰੀਦ ਕੇ ਸ਼ਹਿਰ ਤੱਕ ਸਿੱਧਾ ਹੀ ਖਪਤਕਾਰਾਂ ਤੱਕ ਪੁੱਜਦਾ ਕਰਨ ਵਾਲਾ ਪੰਜ ਸੌ ਰੁਪਏ ਪ੍ਰਤੀ ਕੁਇੰਟਲ ਤੋਂ ਜ਼ਿਆਦਾ ਕਮਾਈ ਕਰ ਜਾਂਦਾ ਹੈ।

ਇਸੇ ਦੀ ਕੁਇੰਟਲ ਦੁੱਧ ਦੀ ਬਰਫ਼ੀ ਤਿਆਰ ਕਰਨ ਵਾਲਾ ਹਲਵਾਈ ਪੰਜ ਹਜ਼ਾਰ ਰੁਪਏ ਤੱਕ ਪ੍ਰਤੀ ਕੁਇੰਟਲ ਤੱਕ ਮੁਨਾਫਾ ਲੈ ਜਾਂਦਾ ਹੈ। ਮਹਿੰਗੀ ਖੁਰਾਕ ਅਤੇ ਹੋਰ ਸਾਧਨਾਂ ਦੇ ਰਾਹ ਖਤਮ ਹੋ ਰਹੇ ਪਸ਼ੂ ਪਾਲਣ ਦੇ ਧੰਦੇ ਨੂੰ ਬਚਾਉਣ ਲਈ ਸਰਕਾਰ ਨੂੰ ਪਸ਼ੂ ਪਾਲਣ ਦੇ ਧੰਦੇ ਵੱਲ ਵੀ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

ਪੰਜਾਬ ਸਰਕਾਰ ਵਲੋਂ ਪਸ਼ੂ ਪਾਲਣ ਦੇ ਧੰਦੇ ਨੂੰ ਉਤਸ਼ਾਹਿਤ ਕਰਨ ਲਈ ਅਗਾਂਹਵਧੂ ਕਿਸਾਨਾਂ ਲਈ ਪੰਦਰਾਂ ਦਿਨਾਂ ਤੋਂ ਲੈ ਕੇ 45 ਦਿਨਾਂ ਦੇ ਸਿਖਲਾਈ ਕੈਂਪ ਲਾਏ ਜਾਂਦੇ ਹਨ। ਜਿਨ੍ਹਾਂ ਵਿੱਚ ਕਿਸਾਨਾਂ ਨੂੰ ਪਸ਼ੂਆਂ ਦੀ ਸਾਂਭ ਸੰਭਾਲ ਲਈ ਸਿਖਲਾਈ ਦਿੱਤੀ ਜਾਂਦੀ ਹੈ ਤੇ ਪਸ਼ੂ ਪਾਲਣ ਦਾ ਧੰਦਾ ਤੋਰਨ ਵਾਲੇ ਕਿਸਾਨਾਂ ਨੂੰ ਕਰਜ਼ਾ ਦੇਣ ਦੀ ਸਹੂਲਤ ਵੀ ਰੱਖੀ ਹੋਈ ਹੈ। ਪੰਜਾਬ ਸਰਕਾਰ ਦੇ ਨਾਭਾ ਅਤੇ ਰੋਪੜ ਵਿਖੇ ਚੱਲ ਰਹੇ ਪਸ਼ੂ ਪਾਲਣ ਸੈਂਟਰਾਂ ਵਿੱਚ ਮਨਸੂਈ ਗਰਭਦਾਨ ਦੇ ਟੀਕੇ ਤਿਆਰ ਕਰਕੇ ਪਸ਼ੂਆਂ ਨੂੰ ਲਾਉਣ ਲਈ ਦਿੱਤੇ ਜਾਂਦੇ ਹਨ। ਪੰਜਾਬ ਸਰਕਾਰ ਨੂੰ ਸਹਿਕਾਰੀ ਖੰਡ ਮਿੱਲਾਂ ਦੀ ਤਰ੍ਹਾਂ ਪਸ਼ੂ ਪਾਲਕਾਂ ਲਈ ਘੱਟ ਕੀਮਤ 'ਤੇ ਮੁਹੱਈਆ ਕਰਵਾਈ ਜਾਣ ਵਾਲੀ ਫੀਡ ਦੀਆਂ ਫੈਕਟਰੀਆਂ ਲਾਈਆਂ ਜਾਣੀਆਂ ਚਾਹੀਦੀਆਂ ਹਨ, ਜਿਵੇਂ ਪਿੰਡਾਂ ਵਿੱਚ ਪਸ਼ੂਆਂ ਲਈ ਹਰੇ ਚਾਰੇ ਅਤੇ ਮਜ਼ਦੂਰਾਂ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ। ਇਸ ਦੇ ਹੱਲ ਲਈ ਸਹਿਕਾਰੀ ਸੈਕਟਰ ਦੇ ਤਹਿਤ ਹਰੇ ਚਾਰੇ ਦੇ ਪਲਾਂਟ ਹਰ ਪਿੰਡ ਵਿੱਚ ਲਾਏ ਜਾ ਸਕਦੇ ਹਨ। ਜਿੱਥੋਂ ਕਿਸਾਨਾਂ ਕੋਲੋਂ ਹਰਾ ਚਾਰਾ ਖਰੀਦ ਕੇ ਘੱਟ ਭਾਅ 'ਤੇ ਛੋਟੇ ਪਸ਼ੂ ਪਾਲਕਾਂ ਨੂੰ ਦਿੱਤਾ ਜਾ ਸਕਦਾ ਹੈ। ਕਿਉਂਕਿ ਜ਼ਮੀਨਾਂ ਦਾ ਠੇਕਾ ਮਹਿੰਗਾ ਹੋਣ ਕਰਕੇ ਛੋਟਾ ਪਸ਼ੂ ਪਾਲਕ ਹਰਾ ਚਾਰਾ ਨਹੀਂ ਬੀਜ ਸਕਦਾ। ਹਰੇ ਚਾਰੇ ਦੇ ਪਲਾਂਟ ਲਾਉਣ ਨਾਲ ਖੇਤੀ ਵਿਭਿੰਨਤਾ ਅਤੇ ਪਸ਼ੂ ਪਾਲਣ ਦੇ ਧੰਦੇ ਵਿੱਚ ਵਾਧਾ ਹੋ ਸਕਦਾ ਹੈ।

ਪਸ਼ੂਆਂ ਦੀ ਮਹਿੰਗੀ ਖੁਰਾਕ ਕਾਰਨ ਹੀ ਗਾਜਰ, ਗੋਭੀ, ਮਟਰ ਅਤੇ ਆਲੂ ਹੁਣ ਪਸ਼ੂਆਂ ਦੀ ਖੁਰਲੀ ਦਾ ਸ਼ਿੰਗਾਰ ਬਣਦੇ ਜਾ ਰਹੇ ਹਨ। ਪੰਜਾਬ ਦੇ ਕੁਝ ਪਸ਼ੂ ਪਾਲਕ ਹਰੇ ਚਾਰੇ ਅਤੇ ਤੂੜੀ ਦੀ ਜਗ੍ਹਾ ਦੁਧਾਰੂ ਪਸ਼ੂਆਂ ਨੂੰ ਖੁਰਲੀਆਂ ਵਿੱਚ ਸਬਜ਼ੀਆਂ ਪਾ ਰਹੇ ਹਨ। ਸਸਤੇ ਭਾਅ ਮਿਲਣ ਵਾਲੀਆਂ ਇਨ੍ਹਾਂ ਹਰੀਆਂ ਤੇ ਕੱਚੀਆਂ ਸਬਜ਼ੀਆਂ ਵਿੱਚ ਪਸ਼ੂਆਂ ਦੀ ਸਿਹਤ ਲਈ ਲੋੜੀਂਦੇ ਵਿਟਾਮਿਨ ਹੋਣ ਕਰਕੇ ਇਹ ਰੁਝਾਨ ਵੱਧਦਾ ਜਾ ਰਿਹਾ ਹੈ। ਇਸ ਦਾ ਦੂਜਾ ਵੱਡਾ ਕਾਰਨ ਰਵਾਇਤੀ ਹਰੇ ਚਾਰੇ, ਤੂੜੀ ਅਤੇ ਜ਼ਮੀਨਾਂ ਦੇ ਠੇਕੇ ਮਹਿੰਗੇ ਹੋਣਾ ਵੀ ਦੱਸਿਆ ਜਾ ਰਿਹਾ ਹੈ। ਪਸ਼ੂ ਪਾਲਕ ਸੰਨੀ ਰਲਾਉਣ ਦੀ ਬਜਾਏ ਡੰਗਰਾਂ ਨੂੰ ਖੁਰਲੀਆਂ ਵਿੱਚ ਵੰਨ-ਸੁਵੰਨੀਆਂ ਸਬਜ਼ੀਆਂ ਪਾ ਰਹੇ ਹਨ। ਪਸ਼ੂ ਖੁਰਾਕ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਸਬਜ਼ੀਆਂ ਵਿੱਚ ਵਿਟਾਮਿਨ ਤੇ ਖਣਿਜ ਭਰਪੂਰ ਮਾਤਰਾ ਵਿੱਚ ਹੁੰਦੇ ਹਨ ਪਰ ਵੱਡੇ ਅਕਾਰ ਦੀਆਂ ਸਬਜ਼ੀਆਂ ਜਾਂ ਆਲੂ ਪਸ਼ੂਆਂ ਦੀ ਖੁਰਾਕ ਨਾਲੀ ਵਿੱਚ ਫਸ ਕੇ ਨੁਕਸਾਨ ਵੀ ਕਰ ਸਕਦੀਆਂ ਹਨ। ਇੱਕ ਦਿਨ ਵਿੱਚ ਪਸ਼ੂਆਂ ਨੂੰ ਪੰਦਰਾ ਕਿਲੋ ਸਬਜ਼ੀਆਂ ਚਾਰਨ ਨਾਲ ਦੁੱਧ ਦੀ ਮਾਤਰਾ ਵਿੱਚ ਕਾਫ਼ੀ ਵਾਧਾ ਹੋ ਰਿਹਾ ਹੈ। ਸਬਜ਼ੀ ਨੂੰ ਵਪਾਰੀ ਥੋਕ ਭਾਅ 'ਤੇ ਸਬਜ਼ੀਆਂ ਫਾਰਮ 'ਤੇ ਪਹੁੰਚਦੀਆਂ ਕਰ ਦਿੰਦੇ ਹਨ।

ਪਸ਼ੂ ਪਾਲਕਾਂ ਦੀ ਇੱਕ ਹੋਰ ਸਭ ਤੋਂ ਵੱਡੀ ਸਮੱਸਿਆ ਰਹਿੰਦੀ ਹੈ ਕਿ ਡੇਅਰੀ ਫਾਰਮ ਵਿੱਚ ਜ਼ਿਆਦਾਤਰ ਗਾਵਾਂ ਵੱਛੇ ਹੀ ਦਿੰਦੀਆਂ ਹਨ। ਜੇਕਰ 10 ਗਾਵਾਂ ਦੇ ਫਾਰਮ ਵਿੱਚ 8 ਗਾਵਾਂ ਵੀ ਵੱਛੀਆਂ ਦੇ ਦੇਣ ਤਾਂ ਕੈਨੇਡਾ ਜਾ ਕੇ ਕੰਮ ਕਰਨ ਦੀ ਜ਼ਰੂਰਤ ਹੀ ਨਹੀਂ। ਇਸ ਸਮੱਸਿਆ ਨੂੰ ਹੱਲ ਕਰਨ ਲਈ ਬਜ਼ਾਰ ਵਿੱਚ ਸਿਰਫ਼ ਵੱਛੀਆਂ ਪੈਦਾ ਕਰਨ ਵਾਲਾ ਟੀਕਾ ਵੀ ਆ ਰਿਹਾ ਹੈ। ਪ੍ਰਮੁੱਖ ਖੇਤੀ ਖੋਜ ਕੇਂਦਰ ਆਈ. ਸੀ. ਏ. ਆਰ. ਦੁੱਧ ਦੀ ਪੈਦਾਵਾਰ ਨੂੰ ਵਧਾਉਣ ਲਈ ਇੱਕ ਯੋਜਨਾ ਤਿਆਰ ਕਰਨੀ ਮਨਸੂਈ ਗਰਭਦਾਨ ਅਤੇ ਸਾਨ੍ਹ ਦੇ ਵੀਰਜ ਵਿੱਚੋਂ ਮਾਦਾ ਗੁਣ ਲੈ ਕੇ ਵੱਛੀਆਂ ਅਤੇ ਕੱਟੀਆਂ ਦੀ ਗਿਣਤੀ ਵਧਾਉਣ ਦਾ ਉਪਰਾਲਾ ਕਰ ਰਿਹਾ ਹੈ। ਇਸ ਤਕਨੀਕ ਰਾਹੀਂ ਮਨਸੂਈ ਗਰਭਦਾਨ ਨਾਲ ਅਜਿਹੇ ਵੀਰਜ ਦੀ ਵਰਤੋਂ ਕੀਤੀ ਜਾਵੇਗੀ। ਜਿਸ ਨਾਲ ਗਾਵਾਂ ਵੱਛੀਆਂ ਅਤੇ ਮੱਝਾਂ ਕੱਟੀਆਂ ਹੀ ਦੇਣਗੀਆਂ।



## ਹਰੇ ਚਾਰੇ ਦੀ ਸਮੱਸਿਆ

ਪਸ਼ੂ ਪਾਲਣ ਦੇ ਧੰਦੇ ਨਾਲ ਜੁੜੇ ਕਿਸਾਨਾਂ ਦੀ ਸਭ ਤੋਂ ਵੱਡੀ ਸਮੱਸਿਆ ਇਹ ਵੀ ਵੇਖਣ ਨੂੰ ਮਿਲ ਰਹੀ ਹੈ ਕਿ ਸਮੇਂ ਸਿਰ ਪੂਰੀ ਬਿਜਲੀ ਨਾ ਮਿਲਣ ਕਰਕੇ



ਪਸ਼ੂਆਂ ਵਾਸਤੇ ਹਰਾ ਚਾਰਾ ਤਿਆਰ ਹੀ ਨਹੀਂ ਹੁੰਦਾ। ਜਿਸ ਵੱਲ ਸਰਕਾਰ ਨੂੰ ਖਾਸ ਧਿਆਨ ਦੇਣਾ ਚਾਹੀਦਾ ਹੈ। ਜੇਕਰ ਸਮੇਂ ਸਿਰ ਮੱਕੀ ਜਾਂ ਹੋਰ ਕਈ ਸਦਾ ਬਹਾਰ ਚਾਰਿਆਂ ਲਈ ਪਾਣੀ ਦਾ ਪੂਰਾ ਪ੍ਰਬੰਧ ਹੋ ਜਾਵੇ ਤਾਂ ਕਈ ਪਸ਼ੂ ਪਾਲਕ ਵਾਧੂ ਹਰੇ ਚਾਰੇ ਦਾ ਅਚਾਰ ਪਾ ਕੇ ਥੁੜ੍ਹ ਵਾਲੇ ਸਮੇਂ ਪਸ਼ੂਆਂ ਨੂੰ ਪਾ ਦਿੰਦੇ ਹਨ।


## ਵਧੀਆ ਮੱਝ ਤੇ ਗਾਂ ਦੀ ਕੀਮਤ

ਤਿੰਨ ਦਹਾਕੇ ਪਹਿਲਾਂ ਵਧੀਆ ਮੱਝ ਦੀ ਕੀਮਤ 30 ਤੋਂ 40 ਹਜ਼ਾਰ ਰੁਪਏ ਹੁੰਦੀ ਸੀ। ਜਿਹੜੀ ਹੁਣ 80 ਹਜ਼ਾਰ ਰੁਪਏ ਤੋਂ ਵੀ ਟੱਪ ਚੁੱਕੀ ਹੈ। ਇਸੇ ਤਰ੍ਹਾਂ ਹੀ ਗਾਵਾਂ ਦੀਆਂ ਕੀਮਤਾਂ ਵੀ 70-80 ਹਜ਼ਾਰ ਰੁਪਏ ਤੱਕ ਪਹੁੰਚ ਗਈਆਂ ਹਨ।



## ਸੜਕਾਂ 'ਤੇ ਛੱਡ ਦਿੱਤੇ ਜਾਂਦੇ ਨੇ ਲਾਵਾਰਿਸ ਪਸ਼ੂ

ਵਧੀਆ ਖੁਰਾਕ ਮਹਿੰਗੀ ਹੋਣ ਕਰਕੇ ਆਮ ਲੋਕ ਪਸ਼ੂਆਂ ਨੂੰ ਨਹੀਂ ਪਾਉਂਦੇ, ਜਿਸ ਕਰਕੇ ਸਰੀਰਕ ਧਾਤਾਂ ਦੀ ਘਾਟ ਕਾਰਨ ਨਵੇਂ ਦੁੱਧ ਨਹੀਂ ਰਲਦੇ ਤੇ ਉਨ੍ਹਾਂ ਨੂੰ ਅਵਾਰਾ ਸੜਕਾਂ 'ਤੇ ਛੱਡ ਦਿੱਤਾ ਜਾਂਦਾ ਹੈ, ਜਿਨ੍ਹਾਂ ਵਿੱਚ ਜ਼ਿਆਦਾਤਰ ਗਾਵਾਂ ਸ਼ਾਮਲ ਹੁੰਦੀਆਂ ਹਨ। ਕਈ ਵਾਰ ਇਹ ਵੀ ਵੇਖਿਆ ਗਿਆ ਹੈ ਕਿ ਸ਼ਹਿਰਾਂ ਵਿੱਚ ਲੋਕਾਂ ਵਲੋਂ ਗਾਵਾਂ ਨੂੰ ਵਧੀਆ ਹਰਾ ਚਾਰਾ ਪਾਉਣ 'ਤੇ ਉਹ ਦੁੱਧ ਰਲ ਜਾਂਦੀਆਂ ਹਨ। ਲੋਕ ਫਿਰ ਫੜ੍ਹ ਕੇ ਆਪਣੇ ਘਰ ਲੈ ਜਾਂਦੇ ਹਨ। ਦੁੱਧ ਪੀਣ ਤੋਂ ਬਾਅਦ ਫਿਰ ਸ਼ਹਿਰ ਦੇ ਨੇੜੇ ਛੱਡ ਦਿੱਤਾ ਜਾਂਦਾ ਹੈ। ਜੇਕਰ ਸਰਕਾਰ ਪਸ਼ੂਆਂ ਦੀ ਖੁਰਾਕ ਘੱਟ ਭਾਅ 'ਤੇ ਮੁਹੱਈਆ ਕਰਵਾਉਣ ਦੇ ਪ੍ਰਬੰਧ ਕਰੇ ਤਾਂ ਦੁੱਧ ਦੀ ਘਟ ਰਹੀ ਪੈਦਾਵਾਰ ਤੇ ਵੱਧ ਰਹੀ ਮੰਗ ਵਿਚਕਾਰਲਾ ਫਰਕ ਦੂਰ ਕੀਤਾ ਜਾ ਸਕਦਾ ਹੈ ਅਤੇ ਸੜਕਾਂ ਕਿਨਾਰੇ ਹਾਦਸਿਆਂ ਦਾ ਕਾਰਨ ਬਣ ਰਹੇ ਪਸ਼ੂਆਂ ਨੂੰ ਘਟਾਇਆ ਜਾ ਸਕਦਾ ਹੈ।



# ਕੀ ਪੰਜਾਬ ਵਿੱਚ ਬਣੇ ਡੈਮ ਹੀ ਪੰਜਾਬ ਲਈ ਸਰਾਪ ਬਣ ਗਏ ਹਨ?

ਬਖ਼ਸ਼ੀਸ਼ ਸਿੰਘ ਸਭਰਾ
ਮੋ. 94646-96083


ਪੰਜਾਬ ਸਰਕਾਰ ਨੇ ਭਾਖੜਾ, ਪੌਂਗ ਤੇ ਥੀਨ ਡੈਮ ਇਸ ਲਈ ਬਣਾਏ ਸੀ ਕਿ ਪੰਜਾਬ ਨੂੰ ਬਿਜਲੀ ਅਤੇ ਪਾਣੀ ਮਿਲੇਗਾ। ਕਿਸਾਨ ਵੱਧ ਤੋਂ ਵੱਧ ਫ਼ਸਲਾਂ ਪੈਦਾ ਕਰ ਸਕਣਗੇ ਅਤੇ ਇਸ ਨਾਲ ਕਿਸਾਨ ਅਤੇ ਪੰਜਾਬ ਨੂੰ ਆਰਥਿਕ ਲਾਭ ਹੋਵੇਗਾ। ਪ੍ਰੰਤੂ ਹੁਣ ਇਹ ਡੈਮ ਪੰਜਾਬ ਲਈ ਸਰਾਪ ਸਾਬਤ ਹੋ ਰਹੇ ਹਨ। ਇਨ੍ਹਾਂ ਡੈਮਾਂ ਵਿੱਚ ਪੈਦਾ ਹੋ ਰਹੀ ਬਿਜਲੀ ਤੇ ਇਸ ਦੇ ਪਾਣੀ ਵਿੱਚ ਪੰਜਾਬ ਨੂੰ ਸਿਰਫ਼ 20% ਹਿੱਸਾ ਹੀ ਮਿਲਦਾ ਹੈ। ਬਾਕੀ 80% ਹਰਿਆਣਾ, ਰਾਜਸਥਾਨ ਅਤੇ ਦਿੱਲੀ ਨੂੰ ਦਿੱਤਾ ਜਾਂਦਾ ਹੈ। ਅੰਤਰਰਾਸ਼ਟਰੀ ਰਾਇਪੇਰੀਅਨ ਕਾਨੂੰਨਾਂ ਅਨੁਸਾਰ ਜਿਸ ਖੇਤਰ ਵਿੱਚ ਦਰਿਆ ਵਗਦੇ ਹਨ, ਉਸ ਦਾ ਅਧਿਕਾਰ ਉਸ ਰਾਜ ਜਾਂ ਦੇਸ਼ ਕੋਲ ਹੁੰਦਾ ਹੈ। ਪਰ ਕੇਂਦਰ ਸਰਕਾਰ ਵੱਲੋਂ ਪੰਜਾਬ ਦੇ ਲੋਕਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ। ਇਸ ਵਾਸਤੇ ਕੇਂਦਰ ਸਰਕਾਰ ਨੇ ਸਾਰੇ ਨਿਯਮਾਂ ਨੂੰ ਛਿੱਕੇ ਟੰਗ ਕੇ ਪੰਜਾਬ ਦੇ ਡੈਮਾਂ 'ਤੇ ਆਪ ਕਬਜ਼ਾ ਕਰ ਲਿਆ ਹੈ। ਭਾਖੜਾ ਡੈਮ ਦੀ ਸੁਰੱਖਿਆ ਦਾ ਪ੍ਰਬੰਧ ਵੀ ਪਹਿਲਾਂ ਪੰਜਾਬ ਪੁਲੀਸ ਕੋਲ ਸੀ ਪ੍ਰੰਤੂ ਇਸ ਸਾਲ ਪਾਣੀ ਦੀ ਵੰਡ ਕਾਰਨ ਜਿਹੜਾ ਝਗੜਾ ਹੋਇਆ ਸੀ, ਉਸ ਕਾਰਨ ਭਾਖੜਾ ਡੈਮ ਦੀ ਸੁਰੱਖਿਆ ਦਾ ਪ੍ਰਬੰਧ ਬਹੁਤ ਛੇਤੀ ਕੇਂਦਰੀ ਏਜੰਸੀ ਸੀਆਈਐਸਐਫ ਕੋਲ ਜਾ ਰਿਹਾ ਹੈ। ਭਾਖੜਾ ਡੈਮ ਜਦੋਂ ਬਣਿਆ ਸੀ, ਉਦੋਂ ਇਹ ਪੰਜਾਬ ਦੇ ਖੇਤਰ ਵਿੱਚ ਸੀ। ਪਰ 1966 ਵਿੱਚ ਜਦੋਂ ਪੰਜਾਬੀ ਸੂਬਾ ਬਣਿਆ। ਉਸ ਵੇਲੇ ਪੰਜਾਬ ਪੁਨਰਗਠਨ ਐਕਟ ਵਿੱਚ ਤਿੰਨ ਨਵੀਆਂ ਧਾਰਾਵਾਂ 78, 79 ਤੇ 80 ਜੋੜ ਦਿੱਤੀਆਂ ਗਈਆਂ। ਜਿਸ ਦੀ ਵਰਤੋਂ ਕਰਕੇ ਕੇਂਦਰ ਸਰਕਾਰ ਨੇ ਪੰਜਾਬ ਦੇ ਦਰਿਆਵਾਂ ਦੇ ਪਾਣੀ ਦੀ ਵੰਡ ਵੰਡਾਈ ਅਤੇ ਡੈਮਾਂ ਦੀ ਸਾਂਭ ਸੰਭਾਲ ਦਾ ਪ੍ਰਬੰਧ ਕੇਂਦਰ ਸਰਕਾਰ ਨੂੰ ਦੇ ਦਿੱਤਾ। ਇਸ ਤੋਂ ਇਲਾਵਾ ਇੰਦਰਾ ਗਾਂਧੀ ਨੇ ਭਾਖੜਾ ਡੈਮ ਨਾਲ ਲੱਗਦੇ ਪੰਜਾਬ ਦੇ ਪੰਜ ਪਿੰਡ ਹਿਮਾਚਲ ਪ੍ਰਦੇਸ਼ ਨੂੰ ਦੇ ਦਿੱਤੇ। 1966 ਦੀ ਵੰਡ ਤੋਂ ਪਹਿਲਾਂ ਭਾਖੜਾ ਡੈਮ ਦਾ ਸਾਰਾ ਪ੍ਰਬੰਧ ਪੰਜਾਬ ਸਰਕਾਰ ਅਧੀਨ ਸੀ ਪਰ 1966 ਤੋਂ ਬਾਅਦ ਸਾਰਾ ਪ੍ਰਬੰਧ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੇ ਹਵਾਲੇ ਕਰ ਦਿੱਤਾ ਗਿਆ। ਜਿਸ ਦਾ ਸਿੱਟਾ ਇਹ ਨਿਕਲਿਆ ਕਿ ਡੈਮ ਮੈਨੇਜਮੈਂਟ ਹਰਿਆਣਾ, ਰਾਜਸਥਾਨ ਤੇ ਦਿੱਲੀ ਲਈ ਪਾਣੀ ਸੁਰੱਖਿਅਤ ਕਰਨ ਲਈ ਪਹਿਲਾਂ ਇਨ੍ਹਾਂ ਡੈਮਾਂ ਵਿੱਚ ਪਾਣੀ ਭਰਦੀ ਰਹਿੰਦੀ ਹੈ। ਪਰ ਜਦੋਂ ਇਹ ਡੈਮ ਨੱਕੋ ਨੱਕ ਭਰ ਜਾਂਦੇ ਹਨ, ਫਿਰ ਇਸ ਦਾ ਪਾਣੀ ਦਰਿਆਵਾਂ ਵਿੱਚ ਛੱਡਣਾ ਸ਼ੁਰੂ ਕਰ ਦਿੰਦੀ ਹੈ। ਇਸ ਨਾਲ ਸਤਲੁਜ ਬਿਆਸ ਦਰਿਆਵਾਂ ਵਿੱਚ ਹੜ੍ਹ ਆ ਜਾਂਦੇ ਹਨ। ਇਸ ਨਾਲ ਹੁਸ਼ਿਆਰਪੁਰ, ਪਠਾਨਕੋਟ, ਜਲੰਧਰ, ਗੁਰਦਾਸਪੁਰ, ਕਪੂਰਥਲਾ, ਤਰਨਤਾਰਨ, ਮੋਗਾ, ਅੰਮ੍ਰਿਤਸਰ ਅਤੇ ਫਿਰੋਜ਼ਪੁਰ ਜ਼ਿਲ੍ਹੇ ਦੇ ਸੈਂਕੜੇ ਪਿੰਡ ਹੜ੍ਹਾਂ ਦੀ ਮਾਰ ਹੇਠ ਆ ਜਾਂਦੇ ਹਨ। ਪਿਛਲੇ ਦਸ ਦਿਨ ਤੋਂ ਪੌਂਗ ਡੈਮ ਤੇ ਭਾਖੜਾ ਡੈਮ ਤੋਂ ਪਾਣੀ ਛੱਡਣ ਕਾਰਨ ਸਤਲੁਜ ਅਤੇ ਬਿਆਸ ਦਰਿਆ ਵਿੱਚ ਹੜ੍ਹ ਆਏ ਹੋਏ ਹਨ। ਇਸ ਵੇਲੇ ਵੱਖ-ਵੱਖ ਜ਼ਿਲ੍ਹਿਆਂ ਦੇ ਕੋਈ 200 ਦੇ ਲਗਭਗ ਪਿੰਡ ਹੜ੍ਹ ਦੀ ਮਾਰ ਵਿੱਚ ਆਏ ਹੋਏ ਹਨ। ਇਨ੍ਹਾਂ ਪਿੰਡਾਂ ਦੇ ਲਗਭਗ ਇੱਕ ਲੱਖ ਏਕੜ ਰਕਬੇ ਵਿੱਚ ਝੋਨਾ ਤੇ ਹੋਰ ਫ਼ਸਲਾਂ ਤਬਾਹ ਹੋ ਗਈਆਂ ਹਨ। ਜਿਸ ਕਾਰਨ ਲੋਕ ਤੇ ਪਸ਼ੂ ਭੁੱਖੇ ਮਰਨ ਲਈ ਮਜ਼ਬੂਰ ਹਨ। ਹੁਣ ਕਿਸਾਨ ਅਤੇ ਸਿੱਖ ਜੱਥੇਬੰਦੀਆਂ ਵੱਲੋਂ ਲੋਕਾਂ ਨੂੰ ਰਾਸ਼ਨ ਤੇ ਪਸ਼ੂਆਂ ਲਈ ਚਾਰਾ ਭੇਜਿਆ ਜਾ ਰਿਹਾ ਹੈ। ਸਤਲੁਜ ਅਤੇ ਬਿਆਸ ਵਿੱਚ ਹੜ੍ਹ ਆਉਣ ਕਾਰਨ ਇਨ੍ਹਾਂ ਦਰਿਆਵਾਂ ਤੇ ਬਣੇ ਕਈ ਬੰਨ੍ਹ ਟੁੱਟ ਗਏ। ਭਾਵੇਂ ਇਨ੍ਹਾਂ ਬੰਨ੍ਹਾਂ ਨੂੰ ਟੁੱਟਣ ਤੋਂ ਰੋਕਣ ਲਈ ਇਲਾਕੇ ਦੇ ਲੋਕਾਂ ਵਲੋਂ ਬੜੀ ਕੋਸ਼ਿਸ਼ ਕੀਤੀ ਗਈ। ਪਰ ਪਾਣੀ ਵਹਾਅ ਇੰਨਾ ਜ਼ਿਆਦਾ ਸੀ ਕਿ ਉਹ ਸਫ਼ਲ ਨਾ ਹੋ ਸਕੇ। ਲੇਖਕ ਦਾ ਪਿੰਡ ਸਭਰਾ ਵੀ ਦਰਿਆ ਸਤਲੁਜ ਤੇ ਬਿਆਸ ਦੋਵਾਂ ਕੰਢਿਆਂ ਤੇ ਸਥਿਤ ਹੈ। ਸਤਲੁਜ ਤੇ ਬਿਆਸ ਦਾ ਪਾਣੀ ਜਦੋਂ ਹਰੀਕੇ ਹੈੱਡ ਵਰਕਸ ਤੋਂ ਅੱਗੇ ਲੰਘਦਾ ਹੈ ਤਾਂ ਇਹ ਪਿੰਡ ਨੂੰ ਦੋ ਹਿੱਸਿਆਂ ਵਿੱਚ ਵੰਡਦਾ, ਅੱਗੇ ਲੰਘ ਜਾਂਦਾ ਹੈ। ਦਰਿਆ ਦੇ ਦੋਨੋਂ ਕੰਢਿਆਂ 'ਤੇ ਬੰਨ੍ਹ ਬੱਝੇ ਹੋਏ ਹਨ। ਪਰ ਪਿੰਡ ਦਾ ਜਿਹੜਾ ਰਕਬਾ ਪੱਟੀ ਜ਼ਿਲ੍ਹਾ ਤਰਨਤਾਰਨ ਵਿੱਚ ਪੈਂਦਾ ਹੈ, ਉਸ ਪਾਸੇ ਵਾਲਾ ਬੰਨ੍ਹ ਟੁੱਟਣ ਕਿਨਾਰੇ ਹੈ। ਜਿਸ ਨੂੰ ਬਚਾਉਣ ਲਈ ਬਾਬਾ ਸੁੱਖਾ ਸਿੰਘ ਸਰਹਾਲੀ ਵਾਲਿਆਂ ਦੇ ਸੇਵਾਦਾਰ ਤੇ ਇਲਾਕੇ ਦੇ ਲੋਕ ਸੈਂਕੜੇ ਟਰੈਕਟਰ ਟਰਾਲੀਆਂ ਵਿੱਚ ਮਿੱਟੀ ਭਰ-ਭਰ ਕੇ ਲਿਆ ਰਹੇ ਹਨ ਤਾਂਕਿ ਬੰਨ੍ਹ ਨੂੰ ਟੁੱਟਣ ਤੋਂ ਬਚਾਇਆ ਜਾ ਸਕੇ। ਜੇਕਰ ਇਹ ਬੰਨ੍ਹ ਟੁੱਟ ਗਿਆ ਤਾਂ ਹਜ਼ਾਰਾਂ ਕਿਸਾਨਾਂ ਦੀ ਫ਼ਸਲ, ਪਸ਼ੂਆਂ ਅਤੇ ਮਕਾਨਾਂ ਦੀ ਤਬਾਹੀ ਤਹਿ ਹੈ। 2023 ਵਿੱਚ ਇਹ ਬੰਨ੍ਹ ਟੁੱਟ ਗਿਆ ਸੀ ਜਿਸ ਕਾਰਨ ਬਹੁਤ ਨੁਕਸਾਨ ਹੋ ਗਿਆ ਸੀ। ਪਰ ਅਫ਼ਸੋਸ ਨਾਲ ਲਿਖਣਾ ਪੈਂਦਾ ਹੈ ਕਿ ਪੰਜਾਬ ਸਰਕਾਰ ਦੇ ਨਹਿਰੀ ਤੇ ਡਰੇਨੇਜ ਵਿਭਾਗ ਦੇ ਅਧਿਕਾਰੀ ਤੇ ਹੋਰ ਮੁਲਾਜ਼ਮ ਪਿਛਲੇ ਦਸ ਦਿਨ ਕੁੰਭਕਰਨ ਦੀ ਨੀਂਦ ਸੁੱਤੇ ਹੋਏ ਹਨ। ਅੱਜ ਅਖ਼ਬਾਰਾਂ ਵਿੱਚ ਖ਼ਬਰਾਂ ਆਈਆਂ ਹਨ ਕਿ ਹੁਣ ਜਾ ਕੇ ਪੰਜਾਬ ਸਰਕਾਰ ਦੀ ਨੀਂਦ ਖੁੱਲ੍ਹੀ ਹੈ। ਕਪੂਰਥਲਾ, ਮੋਗਾ, ਜਲੰਧਰ, ਤਰਨਤਾਰਨ, ਫਿਰੋਜ਼ਪੁਰ ਤੇ ਫਾਜ਼ਿਲਕਾ ਦੇ ਜ਼ਿਲ੍ਹਿਆਂ ਵਿੱਚ ਸੈਂਕੜੇ ਪਿੰਡਾਂ ਵਿੱਚ ਕਿਸਾਨਾਂ ਦਾ ਹੜ੍ਹਾਂ ਕਾਰਨ ਨੁਕਸਾਨ ਪਹਿਲਾਂ ਹੀ ਹੋ ਚੁੱਕਾ ਹੈ। ਦਰਿਆਵਾਂ ਦੇ ਕੰਢਿਆਂ 'ਤੇ ਵੱਸਣ ਵਾਲੇ ਹਜ਼ਾਰਾਂ ਕਿਸਾਨ ਆਪਣਾ ਘਰ ਬਾਰ ਛੱਡ ਕੇ ਸੁਰੱਖਿਅਤ ਜਗ੍ਹਾ ਤੇ ਬੈਠੇ ਹੋਏ ਹਨ। ਸੋਸ਼ਲ ਮੀਡੀਆ 'ਤੇ ਮੈਂ ਦੇਖ ਰਿਹਾ ਸਾਂ ਕਿ ਕਿਸਾਨਾਂ ਦੀਆਂ ਬਹੁਤ ਸਾਰੀਆਂ ਮੱਝਾਂ ਗਾਵਾਂ ਪਾਣੀ ਆਉਣ ਕਾਰਨ ਮਰ ਗਈਆਂ ਹਨ। ਕਿਸਾਨ ਦੱਸ ਰਿਹਾ ਸੀ ਕਿ ਪਾਣੀ ਇੰਨੀ ਤੇਜ਼ੀ ਨਾਲ ਆਇਆ ਕਿ ਉਹ ਆਪਣੀਆਂ ਮੱਝਾਂ ਦੇ ਸੰਗਲ ਵੀ ਨਾ ਖੋਲ੍ਹ ਸਕਿਆ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਪਿੰਡਾਂ ਵਿੱਚ ਕਿਸਾਨਾਂ ਦੀਆਂ ਮੱਝਾਂ ਗਾਵਾਂ ਅਤੇ ਹੋਰ ਪਸ਼ੂ ਮਾਰੇ ਗਏ ਤੇ ਮਕਾਨਾਂ, ਫ਼ਸਲਾਂ ਅਤੇ ਘਰਾਂ ਦੇ ਸਮਾਨ ਦਾ ਕਰੋੜਾਂ ਰੁਪਿਆਂ ਦਾ ਨੁਕਸਾਨ ਹੋ ਗਿਆ ਹੈ। ਇਸ ਤੋਂ ਪਹਿਲਾਂ ਵੀ 1988, 2019 ਤੇ 2023 ਵਿੱਚ ਕਿਸਾਨਾਂ ਨੂੰ ਹੜ੍ਹ ਕਾਰਨ ਬਹੁਤ ਵੱਡਾ ਨੁਕਸਾਨ ਝੱਲਣਾ ਪਿਆ। ਜੇਕਰ 1988 ਦੀ ਗੱਲ ਕਰੀਏ ਤਾਂ ਉਸ ਵੇਲੇ ਕੇਂਦਰ ਸਰਕਾਰ ਵਲੋਂ ਮੰਡ ਇਲਾਕੇ ਵਿੱਚ ਖਾੜਕੂਆਂ ਦਾ ਸਫ਼ਾਇਆ ਕਰਨ ਲਈ ਪਾਣੀ ਛਡਿਆ ਗਿਆ ਸੀ। ਖਾੜਕੂਆਂ ਦਾ ਸਫ਼ਾਇਆ ਹੋਇਆ ਜਾਂ ਨਹੀਂ, ਇਹ ਪਤਾ ਹੀ ਨਹੀਂ ਲੱਗਿਆ। ਪਰ ਹਜ਼ਾਰਾਂ ਕਿਸਾਨ ਆਰਥਕ ਤੌਰ 'ਤੇ ਬਰਬਾਦ ਜ਼ਰੂਰ ਕਰ ਦਿੱਤੇ। ਜੇਕਰ 2019 ਤੇ 2023 ਵਿੱਚ ਆਏ ਹੜ੍ਹਾਂ ਦੀ ਗੱਲ ਕਰੀਏ ਤਾਂ ਉਦੋਂ ਵੀ ਹੜ੍ਹ ਡੈਮਾਂ ਵਿੱਚ ਪਾਣੀ ਛੱਡਣ ਕਾਰਨ ਹੀ ਆਏ ਸਨ। ਜੇਕਰ ਸਰਕਾਰ 2019 ਤੇ 2023 ਵਿੱਚ ਆਏ ਹੜ੍ਹਾਂ ਤੋਂ ਸਬਕ ਸਿੱਖ ਕੇ ਇਸ ਵਾਰ ਡੈਮਾਂ ਵਿੱਚੋਂ ਥੋੜ੍ਹਾ-ਥੋੜ੍ਹਾ ਪਾਣੀ ਛੱਡਦੀ ਰਹਿੰਦੀ ਤਾਂ ਜ਼ਿਆਦਾ ਨੁਕਸਾਨ ਨਹੀਂ ਸੀ ਹੋਣਾ। ਅਜੇ ਤਾਂ ਕਿਸਾਨ 2023 ਵਾਲੇ ਹੜ੍ਹਾਂ ਕਾਰਨ ਹੋਏ ਨੁਕਸਾਨ ਤੋਂ ਹੀ ਨਹੀਂ ਸੀ ਉਭਰ ਸਕੇ ਪਰ ਇਸ ਵਾਰ ਫਿਰ ਆਏ ਹੜ੍ਹ ਨੇ ਕਿਸਾਨਾਂ ਦਾ ਪੂਰੀ ਤਰ੍ਹਾਂ ਲੱਕ ਤੋੜ ਦਿੱਤਾ ਹੈ। 2019 ਦੇ ਹੜ੍ਹ ਵਿੱਚ ਮੇਰੇ ਤਾਏ ਦਾ ਲੜਕਾ ਪਾਣੀ ਵਿੱਚ ਰੁੜ੍ਹ ਗਿਆ ਸੀ। 2023 ਵਿੱਚ, ਉਨ੍ਹਾਂ ਦੀ ਕੁੱਝ ਜ਼ਮੀਨ ਵਿੱਚ ਰੇਤ ਪੈ ਗਈ ਸੀ। ਜਿਹੜੀ ਬਚੀ ਉਸ ਵਿੱਚ ਤਿੰਨ ਵਾਰ ਝੋਨਾ ਲਗਾਉਣਾ ਪਿਆ ਸੀ। ਉਹ ਵੀ ਸਾਰਾ ਬਰਬਾਦ ਹੋ ਗਿਆ ਸੀ। ਉਸ ਤੋਂ ਇਲਾਵਾ ਉਨ੍ਹਾਂ ਦੀ ਲਗਭਗ ਸੌ ਟਰਾਲੀ ਤੂੜੀ ਤੇ ਚਾਲੀ ਕੁਇੰਟਲ ਕਣਕ, ਰਜਾਈਆਂ, ਪਾਉਣ ਵਾਲੇ ਕਪੜੇ ਪਾਣੀ ਵਿੱਚ ਰੁੜ੍ਹ ਗਏ ਤੇ ਮਕਾਨਾਂ ਦਾ ਬਹੁਤ ਨੁਕਸਾਨ ਹੋਇਆ। ਇਸ ਵਾਰ ਜਿਹੜੀ ਜ਼ਮੀਨ ਦੁਬਾਰਾ ਬਣਾਈ ਸੀ, ਉਸ ਵਿੱਚ ਫਿਰ ਰੇਤਾ ਪੈ ਗਿਆ ਤੇ ਬਾਕੀ ਝੋਨਾ ਵੀ ਖਰਾਬ ਹੋ ਗਿਆ ਹੈ। ਇਹੋ ਜਿਹੇ ਹਜ਼ਾਰਾਂ ਲੋਕ ਹਨ ਜਿਨ੍ਹਾਂ ਦਾ ਹੜ੍ਹਾਂ ਕਾਰਨ ਕਰੋੜਾਂ ਦਾ ਨੁਕਸਾਨ ਹੋਇਆ। ਪ੍ਰੰਤੂ ਅਫ਼ਸੋਸ ਕੇਂਦਰ ਤੇ ਰਾਜ ਸਰਕਾਰ ਨੇ ਉਨ੍ਹਾਂ ਨੂੰ ਕੋਈ ਮੁਆਵਜ਼ਾ ਹੀ ਨਹੀਂ ਸੀ ਦਿੱਤਾ। ਜਾਪਦਾ ਹੈ ਕਿ ਐਤਕੀ ਵੀ ਕੁੱਝ ਨਹੀਂ ਮਿਲਣਾ। ਜੇਕਰ ਪੰਜ-ਦਸ ਹਜ਼ਾਰ ਮਿਲਿਆ ਵੀ ਤਾਂ ਉਸ ਨਾਲ ਖ਼ਰਚਾ ਵੀ ਪੂਰਾ ਨਹੀਂ ਹੁੰਦਾ ਕਿਉਂਕਿ ਇੱਕ ਏਕੜ ਤੇ ਝੋਨਾ ਲਗਾਉਣ ਦਾ ਦਸ ਹਜ਼ਾਰ ਖ਼ਰਚ ਆਉਂਦਾ ਹੈ। ਇਹੀ ਕਾਰਨ ਹੈ ਕਿ ਕਿਸਾਨ ਦਿਨੋਂ-ਦਿਨ ਕਰਜ਼ਈ ਹੁੰਦਾ ਜਾ ਰਿਹਾ ਹੈ।

ਇਸ ਵਾਰ ਮੀਂਹ ਕਾਫ਼ੀ ਸਮਾਂ ਪਹਿਲਾਂ ਹੀ ਸ਼ੁਰੂ ਹੋ ਗਏ ਸੀ। ਉਦੋਂ ਹੀ ਅੰਦਾਜ਼ਾ ਹੋ ਗਿਆ ਸੀ ਕਿ ਇਸ ਵਾਰ ਹੜ੍ਹ ਜ਼ਰੂਰ ਆਉਣਗੇ। ਪਰ ਇਸ ਵਾਰ ਵੀ ਸਰਕਾਰ ਅਤੇ ਮੈਨੇਜਮੈਂਟ ਡੈਮ ਭਰਨ ਵਿੱਚ ਲੱਗੀ ਰਹੀ। ਐਤਕੀ ਵੀ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਅਤੇ ਪੌਂਗ ਡੈਮ ਦੇ ਪ੍ਰਬੰਧਕਾਂ ਨੇ ਇਕਦਮ ਪਾਣੀ ਛੱਡ ਦਿੱਤਾ ਜਿਸ ਕਾਰਨ ਲੋਕਾਂ ਨੂੰ ਘਰਾਂ ਦਾ ਸਮਾਨ ਕੱਢਣ ਦਾ ਮੌਕਾ ਹੀ ਨਹੀਂ ਮਿਲਿਆ। ਜਿੱਥੇ ਹੜ੍ਹ ਨਾਲ ਕਿਸਾਨਾਂ ਦਾ ਫ਼ਸਲਾ, ਮਕਾਨਾਂ ਅਤੇ ਪਸ਼ੂਆਂ ਦਾ ਨੁਕਸਾਨ ਹੁੰਦਾ ਹੈ, ਉੱਥੇ ਕਈ ਕਿਸਾਨਾਂ ਦੀਆਂ ਜ਼ਮੀਨਾਂ ਵਿੱਚ ਰੇਤਾ ਤੇ ਡੂੰਘੇ ਖੱਡੇ ਪੈ ਜਾਂਦੇ ਹਨ। ਜਿਸ ਕਾਰਨ ਜ਼ਮੀਨਾਂ ਫ਼ਸਲਾਂ ਪੈਦਾ ਕਰਨ ਦੇ ਕਾਬਲ ਹੀ ਨਹੀਂ ਰਹਿੰਦੀਆਂ। ਲੇਖਕ ਦੇ ਆਪਣੇ ਪਿੰਡ ਦੇ ਬਹੁਤ ਸਾਰੇ ਕਿਸਾਨ ਜ਼ਮੀਨਾਂ ਹੜ੍ਹ ਵਿੱਚ ਖਰਾਬ ਹੋ ਜਾਣ ਕਾਰਨ ਮੰਗਤਿਆਂ ਵਰਗਾ ਜੀਵਨ ਗੁਜ਼ਾਰ ਰਹੇ ਹਨ। ਪੰਜਾਬ ਵਿੱਚ ਰਣਜੀਤ ਸਾਗਰ, ਪੌਂਗ ਡੈਮ ਅਤੇ ਭਾਖੜਾ ਡੈਮ ਤੇ ਚੌਥਾ ਸਾਹਪੁਰ ਕੰਡੀ ਡੈਮ ਉਸਾਰਿਆ ਦਿਸ ਰਿਹਾ ਹੈ। ਇਹ ਤਿੰਨਾਂ ਡੈਮਾਂ ਦਾ ਪੰਜਾਬ ਨੂੰ ਫ਼ਾਇਦਾ ਘੱਟ, ਨੁਕਸਾਨ ਜ਼ਿਆਦਾ ਹੋ ਰਿਹਾ ਹੈ। ਇਨ੍ਹਾਂ ਡੈਮਾਂ ਵਿੱਚ ਪਾਣੀ ਜਮ੍ਹਾਂ ਕਰਨ ਦਾ ਪੱਧਰ ਵੱਖ-ਵੱਖ ਰੱਖਿਆ ਗਿਆ ਹੈ। ਜਿਵੇਂ ਪੌਂਗ ਡੈਮ 1390 ਫੁੱਟ, ਭਾਖੜਾ ਡੈਮ ਦਾ 1680 ਫੁੱਟ ਅਤੇ ਰਣਜੀਤ ਸਾਗਰ ਡੈਮ ਦਾ ਪੱਧਰ 527-91 ਮੀਟਰ ਰਖਿਆ ਗਿਆ ਹੈ। ਜਦੋਂ ਡੈਮ ਪੂਰੀ ਤਰ੍ਹਾਂ ਭਰ ਜਾਂਦੇ ਹਨ, ਉਦੋਂ ਪਾਣੀ ਛੱਡਣਾ ਸ਼ੁਰੂ ਕੀਤਾ ਜਾਂਦਾ ਹੈ। ਅਸਲ ਵਿੱਚ ਕੇਂਦਰ ਸਰਕਾਰ, ਹਰਿਆਣਾ, ਰਾਜਸਥਾਨ ਤੇ ਦਿੱਲੀ ਨੂੰ ਪਾਣੀ ਦੇਣ ਲਈ ਵੱਧ ਤੋਂ ਵੱਧ ਪਾਣੀ ਡੈਮਾਂ ਵਿੱਚ ਜਮ੍ਹਾਂ ਕਰ ਕੇ ਰੱਖਣਾ ਚਾਹੁੰਦੀ ਹੈ। ਜੇਕਰ ਅਸੀਂ ਭਾਖੜਾ ਡੈਮ ਦੀ ਗੱਲ ਕਰੀਏ ਤਾਂ ਇਸ ਵੇਲੇ ਡੈਮ ਦਾ ਸਾਰਾ ਪ੍ਰਬੰਧ ਕੇਂਦਰ ਕੋਲ ਹੈ। ਚੇਅਰਮੈਨ ਤਾਂ ਪਹਿਲਾਂ ਹੀ ਕੇਂਦਰ ਸਰਕਾਰ ਨਿਯੁਕਤ ਕਰਦੀ ਸੀ। ਪੰਜਾਬ ਕੋਲ ਸਿਰਫ਼ ਇੱਕ ਮੈਂਬਰ ਦਾ ਅਹੁਦਾ ਸੀ ਤੇ ਹੁਣ ਕੇਂਦਰ ਸਰਕਾਰ ਨੇ ਉਹ ਵੀ ਖੋਹ ਲਿਆ ਹੈ। ਇਸ ਵੇਲੇ ਭਾਖੜਾ ਡੈਮ ਮੈਨੇਜਮੈਂਟ ਬੋਰਡ ਵਿੱਚ ਪੰਜਾਬ ਦੀ ਗੱਲ ਕਰਨ ਵਾਲਾ ਕੋਈ ਅਧਿਕਾਰੀ ਨਹੀਂ, ਜਿਸ ਕਾਰਨ ਪੰਜਾਬ ਦਾ ਨੁਕਸਾਨ ਹੋਣਾ ਕੁਦਰਤੀ ਹੈ। ਅਸਲ ਵਿੱਚ ਕੇਂਦਰ ਸਰਕਾਰ ਨੂੰ ਡੈਮਾਂ ਰੂਪੀ ਸਾਧਨ ਬਹੁਤ ਵਧੀਆ ਮਿਲ ਗਿਆ ਹੈ ਜਿਸ ਨੂੰ ਵਰਤ ਕੇ ਕਦੇ ਵੀ ਪੰਜਾਬ ਨੂੰ ਬਰਬਾਦ ਕੀਤਾ ਜਾ ਸਕਦਾ ਹੈ। ਇਸ ਪ੍ਰਤੀ ਸਿੱਖ ਕੌਮ ਅਤੇ ਪੰਜਾਬ ਸਰਕਾਰ ਨੂੰ ਜਾਗਰੂਕ ਹੋਣ ਦੀ ਲੋੜ ਹੈ। ਪੰਜਾਬ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਸਾਰੇ ਰਲ ਕੇ ਕੇਂਦਰ ਸਰਕਾਰ ਤੋਂ ਮੰਗ ਕਰਨ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦਾ ਪ੍ਰਬੰਧ ਪੰਜਾਬ ਸਰਕਾਰ ਨੂੰ ਦੇਵੇ ਤਾਂਕਿ ਪੰਜਾਬ ਦੇ ਅਫ਼ਸਰਾਂ ਨੂੰ ਤੈਨਾਤ ਕੀਤਾ ਜਾ ਸਕੇ। ਜਿੰਨਾਂ ਚਿਰ ਭਾਖੜਾ ਬਿਆਸ ਤੇ ਹੋਰ ਡੈਮਾਂ ਦਾ ਪ੍ਰਬੰਧ ਕੇਂਦਰ ਅਧੀਨ ਰਹੇਗਾ, ਪੰਜਾਬ ਹੜ੍ਹ ਦੀ ਮਾਰ ਝੱਲਦਾ ਰਹੇਗਾ ਤੇ ਪੰਜਾਬ ਦੀ ਆਰਥਕਤਾ ਨੂੰ ਸੱਟ ਵੱਜਦੀ ਰਹੇਗੀ। ਇਸ ਤੋਂ ਇਲਾਵਾ ਜੇਕਰ ਦਿੱਲੀ, ਹਿਮਾਚਲ ਪ੍ਰਦੇਸ਼ ਨੂੰ ਪਾਣੀ ਦੀ ਕੀਮਤ ਦੇ ਸਕਦਾ ਹੈ, ਫਿਰ ਪੰਜਾਬ ਦਾ ਪਾਣੀ ਹਰਿਆਣਾ ਤੇ ਦਿੱਲੀ ਨੂੰ ਕਿਉਂ ਮੁਫ਼ਤ ਦਿੱਤਾ ਜਾ ਰਿਹਾ ਹੈ। ਜੇਕਰ ਪੰਜਾਬ ਨੂੰ ਪਾਣੀ ਦੀ ਕੀਮਤ ਮਿਲਦੀ ਹੁੰਦੀ ਤਾਂ ਉਸ ਪੈਸੇ ਵਿੱਚੋਂ ਕਿਸਾਨਾਂ ਨੂੰ ਮੁਆਵਜ਼ਾ ਦਿੱਤਾ ਜਾ ਸਕਦਾ ਸੀ। ਅੱਜ ਜਦੋਂ ਪੰਜਾਬ ਦੇ ਕਿਸਾਨ ਦਰਿਆਵਾਂ ਵਿੱਚ ਆਏ ਹੜ੍ਹ ਕਾਰਨ ਟੁੱਟੇ ਹੋਏ ਬੰਨ੍ਹ ਬੰਨ੍ਹਣ ਵਿੱਚ ਰਾਤ ਦਿਨ ਲੱਗੇ ਹੋਏ ਹਨ ਤਾਂ ਦੂਜੇ ਪਾਸੇ ਹਰਿਆਣਾ, ਰਾਜਸਥਾਨ ਤੇ ਦਿੱਲੀ ਦੀ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਹੋਈ ਹੈ।

ਸੋ ਜੇਕਰ ਸਰਕਾਰਾਂ ਸਮੁੰਦਰ ਅਤੇ ਪਹਾੜਾਂ ਵਿੱਚ ਹਜ਼ਾਰਾਂ ਕਰੋੜ ਰੁਪਏ ਖ਼ਰਚ ਕੇ ਸਮੁੰਦਰ ਅਤੇ ਪਹਾੜਾਂ ਵਿੱਚ ਰੇਲਵੇ ਲਾਈਨਾਂ ਵਿਛਾ ਸਕਦੀਆਂ ਹਨ ਤਾਂ ਕੀ ਸਰਕਾਰ ਪੰਜਾਬ ਵਿੱਚ ਵਗਦੇ ਦਰਿਆਵਾਂ ਦੇ ਕੰਢਿਆਂ ਨੂੰ ਪੱਕਾ ਨਹੀਂ ਕਰ ਸਕਦੀਆਂ। ਅਖ਼ੀਰ ਵਿੱਚ ਮੈਂ ਇਹੀ ਕਹਿਣਾ ਚਾਹਾਂਗਾ ਕਿ ਜਿਹੜੇ ਡੈਮ ਪੰਜਾਬ ਦੇ ਲੋਕਾਂ ਦੇ ਫ਼ਾਇਦੇ ਲਈ ਬਣਾਏ ਗਏ ਸੀ, ਉਹ ਪੰਜਾਬ ਲਈ ਸ਼ਰਾਪ ਬਣ ਚੁੱਕੇ ਹਨ।

## ਹੜ੍ਹਾਂ ਕਾਰਨ ਹੁੰਦਾ ਆ ਰਿਹਾ ਪੰਜਾਬ ਦਾ ਨੁਕਸਾਨ...

ਜੇਕਰ 2019 ਤੇ 2023 ਵਿੱਚ ਆਏ ਹੜ੍ਹਾਂ ਦੀ ਗੱਲ ਕਰੀਏ ਤਾਂ ਉਦੋਂ ਵੀ ਹੜ੍ਹ ਡੈਮਾਂ ਵਿੱਚ ਪਾਣੀ ਛੱਡਣ ਕਾਰਨ ਹੀ ਆਏ ਸੀ। ਜੇਕਰ ਸਰਕਾਰ 2019 ਤੇ 2023 ਵਿੱਚ ਆਏ ਹੜ੍ਹਾਂ ਤੋਂ ਸਬਕ ਸਿੱਖ ਕੇ ਇਸ ਵਾਰ ਡੈਮਾਂ ਵਿੱਚੋਂ ਥੋੜ੍ਹਾ-ਥੋੜ੍ਹਾ ਪਾਣੀ ਛੱਡਦੀ ਰਹਿੰਦੀ



ਤਾਂ ਜ਼ਿਆਦਾ ਨੁਕਸਾਨ ਨਹੀਂ ਸੀ ਹੋਣਾ। ਅਜੇ ਤਾਂ ਕਿਸਾਨ 2023 ਵਾਲੇ ਹੜ੍ਹਾਂ ਕਾਰਨ ਹੋਏ ਨੁਕਸਾਨ ਤੋਂ ਹੀ ਨਹੀਂ ਸੀ ਉਭਰ ਸਕੇ ਪਰ ਇਸ ਵਾਰ ਫਿਰ ਆਏ ਹੜ੍ਹ ਨੇ ਕਿਸਾਨਾਂ ਦਾ ਪੂਰੀ ਤਰ੍ਹਾਂ ਲੱਕ ਤੋੜ ਦਿੱਤਾ ਹੈ। 2019 ਦੇ ਹੜ੍ਹ ਵਿੱਚ ਮੇਰੇ ਤਾਏ ਦਾ ਲੜਕਾ ਪਾਣੀ ਵਿੱਚ ਰੁੜ੍ਹ ਗਿਆ ਸੀ। 2023 ਵਿੱਚ, ਉਨ੍ਹਾਂ ਦੀ ਕੁਝ ਜ਼ਮੀਨ ਵਿੱਚ ਰੇਤ ਪੈ ਗਈ ਸੀ। ਜਿਹੜੀ ਬਚੀ ਉਸ ਵਿੱਚ ਤਿੰਨ ਵਾਰ ਝੋਨਾ ਲਗਾਉਣਾ ਪਿਆ ਸੀ। ਉਹ ਵੀ ਸਾਰਾ ਬਰਬਾਦ ਹੋ ਗਿਆ ਸੀ। ਉਸ ਤੋਂ ਇਲਾਵਾ ਉਨ੍ਹਾਂ ਦੀ ਲਗਭਗ ਸੌ ਟਰਾਲੀ ਤੂੜੀ ਤੇ ਚਾਲੀ ਕੁਇੰਟਲ ਕਣਕ, ਰਜਾਈਆਂ, ਪਾਉਣ ਵਾਲੇ ਕਪੜੇ ਪਾਣੀ ਵਿੱਚ ਰੁੜ੍ਹ ਗਏ ਤੇ ਮਕਾਨਾਂ ਦਾ ਬਹੁਤ ਨੁਕਸਾਨ ਹੋਇਆ। ਇਸ ਵਾਰ ਜਿਹੜੀ ਜ਼ਮੀਨ ਦੁਬਾਰਾ ਬਣਾਈ ਸੀ, ਉਸ ਵਿੱਚ ਫਿਰ ਰੇਤਾ ਪੈ ਗਿਆ ਤੇ ਬਾਕੀ ਝੋਨਾ ਵੀ ਖਰਾਬ ਹੋ ਗਿਆ ਹੈ। ਇਹੋ ਜਿਹੇ ਹਜ਼ਾਰਾਂ ਲੋਕ ਹਨ ਜਿਨ੍ਹਾਂ ਦਾ ਹੜ੍ਹਾਂ ਕਾਰਨ ਕਰੋੜਾਂ ਦਾ ਨੁਕਸਾਨ ਹੋਇਆ। ਪ੍ਰੰਤੂ ਅਫ਼ਸੋਸ ਕੇਂਦਰ ਤੇ ਰਾਜ ਸਰਕਾਰ ਨੇ ਉਨ੍ਹਾਂ ਨੂੰ ਕੋਈ ਮੁਆਵਜ਼ਾ ਹੀ ਨਹੀਂ ਸੀ ਦਿੱਤਾ। ਜਾਪਦਾ ਹੈ ਕਿ ਐਤਕੀ ਵੀ ਕੁੱਝ ਨਹੀਂ ਮਿਲਣਾ। ਜੇਕਰ ਪੰਜ-ਦਸ ਹਜ਼ਾਰ ਮਿਲਿਆ ਵੀ ਤਾਂ ਉਸ ਨਾਲ ਖ਼ਰਚਾ ਵੀ ਪੂਰਾ ਨਹੀਂ ਹੁੰਦਾ ਕਿਉਂਕਿ ਇੱਕ ਏਕੜ ਤੇ ਝੋਨਾ ਲਗਾਉਣ ਦਾ ਦਸ ਹਜ਼ਾਰ ਖ਼ਰਚ ਆਉਂਦਾ ਹੈ। ਇਹੋ ਕਾਰਨ ਹੈ ਕਿ ਕਿਸਾਨ ਦਿਨੋ-ਦਿਨ ਕਰਜ਼ਈ ਹੁੰਦਾ ਜਾ ਰਿਹਾ ਹੈ।





# ਹੜ੍ਹਾਂ ਦੀ ਮਾਰ, ਜ਼ਿੰਮੇਵਾਰ ਕੁਦਰਤ ਜਾਂ ਸਰਕਾਰ

**ਅਸੀਂ ਚੰਨ ਤਾਰਿਆਂ ਨਾਲ ਸਾਂਝ ਪਾਉਣ ਦੀ ਗੱਲ ਕਰਦੇ ਹਾਂ ਪਰ ਧਰਤੀ 'ਤੇ ਕੀ ਵਾਪਰ ਰਿਹੈ, ਇਸ ਬਾਰੇ ਸਾਡੇ ਮੁਲਕ ਦੀ ਵਿਵਸਥਾ ਬਿਲਕੁਲ ਬੇਵੱਸ ਹੋਈ ਨਜ਼ਰ ਆ ਰਹੀ ਹੈ।**

ਕੁਲਦੀਪ ਸਿੰਘ ਸਾਹਿਲ
ਮੋਬਾਇਲ : 94179-90040

ਇਹ ਸੱਚ ਹੈ ਕਿ ਹੜ੍ਹ ਕੁਦਰਤੀ ਆਫ਼ਤ ਹੈ ਅਤੇ ਧਰਤੀ ਦੇ ਵੱਖ-ਵੱਖ ਖਿੱਤਿਆਂ ਵਿੱਚ ਸਦੀਆਂ ਤੋਂ ਲੋਕ ਹੜ੍ਹਾਂ ਵਰਗੀਆਂ ਮੁਸੀਬਤਾਂ ਦਾ ਸੰਤਾਪ ਭੋਗਦੇ ਰਹੇ ਹਨ ਪਰ ਬੀਤੇ ਵੇਲਿਆਂ ਵਿੱਚ ਜੇ ਅਜਿਹਾ ਹੁੰਦਾ ਸੀ ਤਾਂ ਇਹ ਸਭ ਕੁੱਝ ਮਨੁੱਖ ਦੀ ਸਮਝ ਤੋਂ ਬਾਹਰ ਸੀ ਪਰ ਅੱਜ ਦੇ ਗਿਆਨ ਵਿਗਿਆਨ ਦੇ ਯੁੱਗ ਵਿੱਚ ਵੀ ਜੇ ਲੋਕ ਅਜਿਹੇ ਸੰਤਾਪ ਭੋਗਦੇ ਹਨ ਜਾਂ ਇਨ੍ਹਾਂ ਨੂੰ ਕੁੱਝ ਹੱਦ ਤੱਕ ਵੀ ਅਸੀਂ ਕੰਟਰੋਲ ਨਹੀਂ ਕਰ ਸਕੇ ਤਾਂ ਇਸ ਨੂੰ ਵਿਵਸਥਾ ਦੀ ਨਾਕਾਮੀ ਹੀ ਆਖਿਆ ਜਾਵੇਗਾ। ਅਸੀਂ ਅੰਬਰ 'ਤੇ ਚੰਨ ਤਾਰਿਆਂ ਨਾਲ ਸਾਂਝਾਂ ਪਾਉਣ ਦੀ ਗੱਲ ਕਰਦੇ ਹਾਂ ਪਰ ਧਰਤੀ 'ਤੇ ਕੀ ਵਾਪਰ ਰਿਹਾ ਹੈ, ਇਸ ਬਾਰੇ ਸਾਡੇ ਮੁਲਕ ਦੀ ਵਿਵਸਥਾ ਬਿਲਕੁਲ ਬੇਵੱਸ ਹੋਈ ਨਜ਼ਰ ਆਉਂਦੀ ਹੈ। ਭਾਰਤ ਵੱਖ-ਵੱਖ ਤਰ੍ਹਾਂ ਦੀ ਭੂਗੋਲਿਕ ਸਥਿਤੀ ਵਾਲਾ ਦੇਸ਼ ਹੈ, ਇੱਥੇ ਕਿਤੇ ਤਾਂ ਬੱਦਲ ਫਟਦੇ ਹਨ, ਕਿਤੇ ਸੋਕੇ ਨਾਲ ਫ਼ਸਲਾਂ ਸੜ ਬਲ ਜਾਂਦੀਆਂ ਹਨ, ਕਿਤੇ ਸਾਰਾ ਸਾਲ ਮੀਂਹ ਪੈਂਦਾ ਹੈ, ਕਿਤੇ ਪੰਜ-ਪੰਜ ਸਾਲ ਮੀਂਹ ਦੀ ਛਿੱਟ ਵੀ ਨਹੀਂ ਡਿਗਦੀ। ਕਿਤੇ ਬਰਫ਼ਾਂ ਜੰਮਦੀਆਂ ਹਨ, ਕਿਤੇ ਉਨ੍ਹਾਂ ਹੀ ਦਿਨਾਂ ਦੌਰਾਨ ਪਾਰਾ ਸੰਤਾਲੀ ਡਿਗਰੀ ਤੱਕ ਚਲਾ ਜਾਂਦਾ ਹੈ। ਸਾਡੇ ਦੇਸ਼ ਵਿੱਚ ਜਿੱਥੇ ਵਾਧੂ ਪਾਣੀ ਸੰਭਾਲਣ ਲਈ ਵੱਡੀਆਂ ਯੋਜਨਾਵਾਂ 'ਤੇ ਕੰਮ ਕਰਨ ਦੀ ਲੋੜ ਹੈ, ਉੱਥੇ ਮੌਸਮ ਵਿਭਾਗ ਨੂੰ ਹੋਰ ਸੁਚਾਰੂ ਬਣਾਉਣ ਦੀ ਲੋੜ ਹੈ ਤਾਂਕਿ ਵੱਖ-ਵੱਖ ਇਲਾਕਿਆਂ ਵਿੱਚ ਹੋਣ ਵਾਲੀਆਂ ਬਾਰਸ਼ਾਂ ਦਾ ਅਗਾਊਂ ਅਨੁਮਾਨ ਲਗਾ ਕੇ ਡੈਮਾਂ ਦੇ ਪਾਣੀਆਂ ਨੂੰ ਲੋੜ ਅਨੁਸਾਰ ਨਾਲੋਂ-ਨਾਲ ਛੱਡਿਆ ਜਾ ਸਕੇ ਅਤੇ ਹੜ੍ਹਾਂ ਵਰਗੀ ਭਿਆਨਕ ਸਥਿਤੀ ਪੈਦਾ ਹੀ ਨਾ ਹੋਵੇ।

ਜਾਪਾਨ, ਨੀਦਰਲੈਂਡ ਵਰਗੇ ਕਈ ਮੁਲਕ ਹੜ੍ਹਾਂ ਨੂੰ ਰੋਕਣ ਵਿੱਚ ਕਾਫ਼ੀ ਹੱਦ ਤੱਕ ਸਫ਼ਲ ਹੁੰਦੇ ਹਨ। ਸਦੀਆਂ ਤੋਂ ਹੀ ਮਨੁੱਖ ਜਾਤੀ ਕੁਦਰਤੀ ਆਫ਼ਤਾਂ ਦਾ ਸ਼ਿਕਾਰ ਹੁੰਦੀ ਆ ਰਹੀ ਹੈ। ਪੱਥਰ ਯੁੱਗ ਵਿੱਚ ਲੋਕ ਇਨ੍ਹਾਂ ਆਫ਼ਤਾਂ ਨੂੰ ਕੁਦਰਤ ਦੀ ਕਰੋਪੀ ਕਹਿ ਕੇ ਸਵੀਕਾਰ ਕਰ ਲੈਂਦੇ ਸਨ ਪਰ ਜਿਉਂ-ਜਿਉਂ ਮਨੁੱਖ ਨੇ ਵਿਗਿਆਨਕ ਤੌਰ 'ਤੇ ਤਰੱਕੀ ਕੀਤੀ ਹੈ, ਉਹ ਬਹੁਤ ਸਾਰੀਆਂ ਕੁਦਰਤੀ ਆਫ਼ਤਾਂ ਨਾਲ ਨਜਿੱਠਣ ਵਿੱਚ ਸਫ਼ਲ ਹੋਇਆ ਹੈ। ਹੜ੍ਹਾਂ ਨੂੰ ਵੀ ਕੁਦਰਤੀ ਆਫ਼ਤ ਦਾ ਨਾਂ ਦਿੱਤਾ ਗਿਆ ਹੈ ਪਰ ਕੀ ਸਚਮੁੱਚ ਹੀ ਹੜ੍ਹ ਕੁਦਰਤੀ ਕਰੋਪੀ ਹੈ ਜਾਂ ਸਾਡੇ ਦੇਸ਼ ਦੀ ਮਾੜੀ ਵਿਵਸਥਾ। ਪਿਛਲੇ ਕੁਝ ਦਿਨਾਂ ਤੋਂ ਪੰਜਾਬ ਅਤੇ ਹਿਮਾਚਲ ਪ੍ਰਦੇਸ਼ ਵਿੱਚ ਲਗਾਤਾਰ ਪੈ ਰਹੇ ਮੀਂਹ ਨੇ ਪੰਜਾਬ ਵਿੱਚ ਤਬਾਹੀ ਮਚਾ ਦਿੱਤੀ ਹੈ। ਪਹਾੜੀ ਇਲਾਕਿਆਂ ਵਿੱਚ ਪੈ ਰਹੇ ਮੀਂਹ ਕਾਰਨ ਪੰਜਾਬ ਦੇ ਦਰਿਆਵਾਂ ਵਿੱਚ ਵਧੇ ਪਾਣੀ ਦੇ ਪੱਧਰ ਨੇ ਹੜ੍ਹਾਂ ਦੀ ਆਫ਼ਤ ਬਣਾ ਦਿੱਤੀ ਹੈ। ਕਿਸਾਨਾਂ ਦੀ ਹਜ਼ਾਰਾਂ ਏਕੜ ਝੋਨੇ ਦੀ ਫ਼ਸਲ ਪਾਣੀ ਵਿੱਚ ਡੁੱਬ ਚੁੱਕੀ ਹੈ। ਪਠਾਨਕੋਟ, ਹੁਸ਼ਿਆਰਪੁਰ, ਗੁਰਦਾਸਪੁਰ, ਅੰਮ੍ਰਿਤਸਰ, ਫ਼ਾਜ਼ਿਲਕਾ ਅਤੇ ਕਪੂਰਥਲਾ ਜ਼ਿਲ੍ਹਿਆਂ ਵਿੱਚ ਹੜ੍ਹਾਂ ਦੇ ਪਾਣੀ ਨੇ ਜ਼ਿਆਦਾ ਨੁਕਸਾਨ ਕੀਤਾ ਹੈ। ਬਿਆਸ ਅਤੇ ਸਤਲੁਜ ਦਰਿਆ ਵਿੱਚ ਵੀ ਪਾਣੀ ਦਾ ਪੱਧਰ ਬਹੁਤ ਤੇਜ਼ੀ ਨਾਲ ਵਧਿਆ ਹੈ।

ਪਿਛਲੀ ਦਿਨੀਂ ਹੜ੍ਹਾਂ ਤੋਂ ਪ੍ਰਭਾਵਤ ਵੱਖ-ਵੱਖ ਇਲਾਕਿਆਂ ਤੋਂ ਪਤਾ ਲੱਗਿਆ ਕਿ ਵੱਡੀ ਤਾਦਾਦ ਵਿੱਚ ਸਾਡੇ ਲੋਕ ਕਈ ਤਰ੍ਹਾਂ ਦੀਆਂ ਮੁਸੀਬਤਾਂ ਝੱਲ ਰਹੇ ਹਨ। ਲੋਹੀਆਂ ਸ਼ਹਿਰ ਦੇ ਨੇੜਲੇ ਪਿੰਡਾਂ ਕੋਲੋਂ ਸਤਲੁਜ ਦਰਿਆ ਦਾ ਬੰਨ੍ਹ ਟੁੱਟਿਆ। ਪਾਣੀ ਇੰਨਾ ਜ਼ਿਆਦਾ ਸੀ ਕਿ ਕੁੱਝ ਮਿੰਟਾਂ ਵਿੱਚ ਇਹ ਪਾੜ ਵੱਡਾ ਹੁੰਦਾ ਗਿਆ। ਇਲਾਕੇ ਦੇ ਦਰਜਨਾਂ ਪਿੰਡ ਰਾਤੋ-ਰਾਤ ਪਾਣੀ ਵਿੱਚ ਡੁੱਬ ਗਏ। ਰਾਤ ਸਮੇਂ ਜਦੋਂ ਇਕਦਮ ਪਾਣੀ ਦਾ ਵਹਾਅ ਆਇਆ ਤਾਂ ਲੋਕਾਂ ਨੂੰ ਆਪਣੇ ਡੰਗਰ ਪਸ਼ੂ ਖੋਲ੍ਹਣ ਦਾ ਵੀ ਮੌਕਾ ਨਹੀਂ ਮਿਲਿਆ। ਹਰੀਕੇ ਝੀਲ ਤੋਂ ਉੱਤਰ ਵਾਲੇ ਪਾਸੇ ਕਈ ਪਿੰਡ ਹਨ ਜਿਨ੍ਹਾਂ ਦੁਆਲੇ ਤਿੰਨ ਤੋਂ ਪੰਜ ਫੁੱਟ ਪਾਣੀ ਕਈ ਕਿਲੋਮੀਟਰ ਤੱਕ ਫੈਲਿਆ ਹੋਇਆ ਨਜ਼ਰ ਆਉਂਦਾ ਹੈ। ਝੋਨੇ ਦੀ ਫ਼ਸਲ ਪੂਰੀ ਤਰ੍ਹਾਂ ਡੁੱਬ ਚੁੱਕੀ ਹੈ। ਇਹ ਇਲਾਕਾ ਇਸ ਸਮੇਂ ਸਮੁੰਦਰ ਵਾਂਗ ਲੱਗਦਾ ਹੈ। ਇਸ ਇਲਾਕੇ ਵਿੱਚ ਹੜ੍ਹਾਂ ਦਾ ਖ਼ਤਰਾ ਹਰ ਸਾਲ ਬਰਕਰਾਰ ਰਹਿੰਦਾ ਹੈ, ਇਸ ਲਈ ਪਿੰਡ ਖੇਤਾਂ ਨਾਲੋਂ ਕੁੱਝ ਉੱਚਾਈ 'ਤੇ ਹੋਣ ਦੇ ਬਾਵਜੂਦ ਵੀ ਪਾਣੀ ਵਿੱਚ ਡੁੱਬ ਚੁੱਕੇ ਹਨ। ਹੜ੍ਹ ਪੀੜਤ ਮਾਸੂਮ ਬੱਚੇ, ਔਰਤਾਂ, ਬਜ਼ੁਰਗ ਬਿਮਾਰ ਹੋ ਰਹੇ ਹਨ। ਲੋਕਾਂ ਦੇ ਹੱਥ ਪੈਰ ਗੰਦੇ ਪਾਣੀ ਨਾਲ ਗਲ ਰਹੇ ਹਨ, ਇਹ ਬਹੁਤ ਵੱਡੀ ਮੁਸੀਬਤ ਹੈ ਪਰ ਇਸ ਤੋਂ ਵੱਡੀ ਮੁਸੀਬਤ ਉਦੋਂ ਸ਼ੁਰੂ ਹੋਵੇਗੀ ਜਦੋਂ ਪਾਣੀ ਲਹਿ ਜਾਵੇਗਾ। ਉਸ ਸਮੇਂ ਪਾਣੀ ਨਾਲ ਗਲ ਚੁੱਕੀਆਂ ਫ਼ਸਲਾਂ ਮੁਸ਼ਕ ਮਾਰਨ ਲੱਗ ਜਾਣਗੀਆਂ। ਉਸ ਸਮੇਂ ਪਿੰਡਾਂ ਵਿੱਚ ਰਹਿਣਾ ਨਰਕ ਵਿੱਚ ਰਹਿਣ ਵਾਂਗ ਬਣ ਜਾਂਦਾ ਹੈ, ਲੋਕਾਂ ਨੂੰ ਚਮੜੀ ਦੇ ਰੋਗ ਹੋਣ ਲੱਗਦੇ ਹਨ। ਬੁਖਾਰ ਨਾਲ ਲੋਕ ਵੱਡੇ ਪੱਧਰ 'ਤੇ ਬਿਮਾਰ ਹੋਣ ਲੱਗ ਪੈਂਦੇ ਹਨ। ਇੱਕ ਤਾਂ ਲੋਕ ਆਰਥਕ ਪੱਖੋਂ ਕੰਗਾਲ ਹੋ ਜਾਂਦੇ ਹਨ, ਦੂਜਾ ਸਰੀਰਕ ਤੇ ਮਾਨਸਕ ਪੱਖੋਂ ਕਈ ਤਰ੍ਹਾਂ ਦੀਆਂ ਬਿਮਾਰੀਆਂ, ਦੁਸ਼ਵਾਰੀਆਂ ਦੇ ਸ਼ਿਕਾਰ ਹੋਣ ਲੱਗਦੇ ਹਨ।



ਇਹ ਸੱਚ ਹੈ ਕਿ ਹੜ੍ਹ ਕੁਦਰਤੀ ਆਫ਼ਤ ਹੈ ਅਤੇ ਧਰਤੀ ਦੇ ਵੱਖ-ਵੱਖ ਖਿੱਤਿਆਂ ਵਿੱਚ ਸਦੀਆਂ ਤੋਂ ਲੋਕ ਹੜ੍ਹਾਂ ਵਰਗੀਆਂ ਮੁਸੀਬਤਾਂ ਦਾ ਸੰਤਾਪ ਭੋਗਦੇ ਰਹੇ ਹਨ ਪਰ ਬੀਤੇ ਵੇਲਿਆਂ ਵਿੱਚ ਜੇ ਅਜਿਹਾ ਹੁੰਦਾ ਸੀ ਤਾਂ ਇਹ ਸਭ ਕੁੱਝ ਮਨੁੱਖ ਦੀ ਸਮਝ ਤੋਂ ਬਾਹਰ ਸੀ ਪਰ ਅੱਜ ਦੇ ਗਿਆਨ ਵਿਗਿਆਨ ਦੇ ਯੁੱਗ ਵਿੱਚ ਵੀ ਜੇ ਲੋਕ ਅਜਿਹੇ ਸੰਤਾਪ ਭੋਗਦੇ ਹਨ ਜਾਂ ਇਨ੍ਹਾਂ ਨੂੰ ਕੁੱਝ ਹੱਦ ਤੱਕ ਵੀ ਅਸੀਂ ਕੰਟਰੋਲ ਨਹੀਂ ਕਰ ਸਕੇ ਤਾਂ ਇਸ ਨੂੰ ਵਿਵਸਥਾ ਦੀ ਨਾਕਾਮੀ ਹੀ ਆਖਿਆ ਜਾਵੇਗਾ। ਅਸੀਂ ਅੰਬਰ 'ਤੇ ਚੰਨ ਤਾਰਿਆਂ ਨਾਲ ਸਾਂਝਾ ਪਾਉਣ ਦੀ ਗੱਲ ਕਰਦੇ ਹਾਂ ਪਰ ਧਰਤੀ 'ਤੇ ਕੀ ਵਾਪਰ ਰਿਹਾ ਹੈ, ਇਸ ਬਾਰੇ ਸਾਡੇ ਮੁਲਕ ਦੀ ਵਿਵਸਥਾ ਬਿਲਕੁਲ ਬੇਵੱਸ ਹੋਈ ਨਜ਼ਰ ਆਉਂਦੀ ਹੈ। ਭਾਰਤ ਵੱਖ-ਵੱਖ ਤਰ੍ਹਾਂ ਦੀ ਭੂਗੋਲਿਕ ਸਥਿਤੀ ਵਾਲਾ ਦੇਸ਼ ਹੈ, ਇੱਥੇ ਕਿਤੇ ਤਾਂ ਬੱਦਲ ਫਟਦੇ ਹਨ, ਕਿਤੇ ਸੋਕੇ ਨਾਲ ਫ਼ਸਲਾਂ ਸੜ ਬਲ ਜਾਂਦੀਆਂ ਹਨ, ਕਿਤੇ ਸਾਰਾ ਸਾਲ ਮੀਂਹ ਪੈਂਦਾ ਹੈ, ਕਿਤੇ ਪੰਜ-ਪੰਜ ਸਾਲ ਮੀਂਹ ਦੀ ਛਿੱਟ ਵੀ ਨਹੀਂ ਡਿਗਦੀ। ਕਿੱਤੇ ਬਰਫ਼ਾਂ ਜੰਮਦੀਆਂ ਹਨ, ਕਿਤੇ ਉਨ੍ਹਾਂ ਹੀ ਦਿਨਾਂ ਦੌਰਾਨ ਪਾਰਾ ਸੰਤਾਲੀ ਡਿਗਰੀ ਤੱਕ ਚਲਾ ਜਾਂਦਾ ਹੈ। ਸਾਡੇ ਦੇਸ਼ ਵਿੱਚ ਜਿੱਥੇ ਵਾਧੂ ਪਾਣੀ ਸੰਭਾਲਣ ਲਈ ਵੱਡੀਆਂ ਯੋਜਨਾਵਾਂ 'ਤੇ ਕੰਮ ਕਰਨ ਦੀ ਲੋੜ ਹੈ, ਉੱਥੇ ਮੌਸਮ ਵਿਭਾਗ ਨੂੰ ਹੋਰ ਸੁਚਾਰੂ ਬਣਾਉਣ ਦੀ ਲੋੜ ਹੈ ਤਾਂ ਕਿ ਵੱਖ-ਵੱਖ ਇਲਾਕਿਆਂ ਵਿੱਚ ਹੋਣ ਵਾਲੀਆਂ ਬਾਰਸ਼ਾਂ ਦਾ ਅਗਾਊਂ ਅਨੁਮਾਨ ਲਗਾ ਕੇ ਡੈਮਾਂ ਦੇ ਪਾਣੀਆਂ ਨੂੰ ਲੋੜ ਅਨੁਸਾਰ ਨਾਲੋਂ-ਨਾਲ ਛੱਡਿਆ ਜਾ ਸਕੇ ਅਤੇ ਹੜ੍ਹਾਂ ਵਰਗੀ ਭਿਆਨਕ ਸਥਿਤੀ ਪੈਦਾ ਹੀ ਨਾ ਹੋਵੇ।

ਖ਼ਬਰਾਂ ਇਹ ਵੀ ਹਨ ਕਿ ਜੂਨ-ਜੁਲਾਈ ਵਿੱਚ ਜਾਣਬੁੱਝ ਕੇ ਡੈਮਾਂ ਨੂੰ ਪਾਣੀ ਨਹੀਂ ਛੱਡਿਆ ਜਾਂਦਾ ਤਾਂਕਿ ਹੋਰ ਸੂਬਿਆਂ ਨੂੰ ਲੋੜ ਅਨੁਸਾਰ ਪਾਣੀ ਦਿੱਤਾ ਜਾ ਸਕੇ ਪਰ ਜੋ ਲੋਕ ਇਸ ਦਾ ਖ਼ਮਿਆਜ਼ਾ ਭੁਗਤਦੇ ਹਨ, ਉਨ੍ਹਾਂ ਦਾ ਇਸ ਵਿੱਚ ਕੀ ਕਸੂਰ ਹੈ। ਦਰਿਆਵਾਂ ਦੇ ਇਲਾਕਿਆਂ ਵਿੱਚ ਨਾਜਾਇਜ਼ ਇਮਾਰਤਾਂ, ਡੇਰਿਆਂ ਦੀ ਉਸਾਰੀ, ਮਾਈਨਿੰਗ 'ਤੇ ਸਖ਼ਤੀ ਨਾਲ ਰੋਕ ਲਾਉਣ ਦੀ ਲੋੜ ਹੈ। ਨਹਿਰਾਂ ਦੀ ਸਫ਼ਾਈ ਦਾ ਨਾਲ-ਨਾਲ ਵੱਧ ਤੋਂ ਵੱਧ ਪਾਣੀ ਇਨ੍ਹਾਂ ਦਿਨਾਂ ਵਿੱਚ ਨਹਿਰਾਂ ਵਿੱਚ ਛੱਡੇ ਜਾਣ ਦੀ ਲੋੜ ਹੁੰਦੀ ਹੈ। ਜੂਨ-ਜੁਲਾਈ ਵਿੱਚ ਜਦੋਂ ਝੋਨੇ ਦੀ ਬਿਜਾਈ ਹੁੰਦੀ ਹੈ ਤਾਂ ਧਰਤੀ ਹੇਠਲੇ ਪਾਣੀ ਦੀ ਵਰਤੋਂ ਦੀ ਬਜਾਇ ਨਹਿਰੀ ਪਾਣੀ ਨੂੰ ਵਰਤੋਂ ਵਿੱਚ ਲਿਆਉਣ ਨੂੰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ। ਪਾਣੀਆਂ ਦਾ ਵੇਗ ਘੱਟ ਕਰਨ ਲਈ ਇਹ ਬੜਾ ਜ਼ਰੂਰੀ ਹੈ ਕਿ ਪਹਾੜਾਂ ਵਿੱਚ ਰੁੱਖ ਲਾਏ ਜਾਣ। ਰੇਤ ਮਾਇਨਿੰਗ ਨਾਲ ਹੁੰਦੇ ਸੜਕਾਂ ਪੁੱਲਾਂ ਅਤੇ ਦਰਿਆਈ ਬੰਨ੍ਹਾਂ ਦੇ ਨੁਕਸਾਨ ਨੂੰ ਸਖ਼ਤੀ ਨਾਲ ਰੋਕਣ ਦੀ ਲੋੜ ਹੈ। ਪੰਜਾਬ ਦੀਆਂ ਨੈਆਂ, ਵੇਈਆਂ, ਡਰੇਨਾਂ ਦੀ ਸਫ਼ਾਈ ਹਰ ਸਾਲ ਮੌਨਸੂਨ ਤੋਂ ਪਹਿਲਾਂ ਹੋਣੀ ਚਾਹੀਦੀ ਹੈ ਜੋ ਕਦੇ ਵੀ ਨਹੀਂ ਹੁੰਦੀ। ਡਰੇਨ ਵਿਭਾਗ ਜਿਵੇਂ ਸੁੱਤਾ ਹੀ ਰਹਿੰਦਾ ਹੈ। ਜੇਕਰ ਪੰਜਾਬ ਦੀਆਂ ਸਾਰੀਆਂ ਬਰਸਾਤੀ ਨਦੀਆਂ, ਵੇਈਆਂ, ਨੈਆਂ ਤੋਂ ਨਾਜਾਇਜ਼ ਕਬਜ਼ੇ ਛੁਡਵਾ ਕੇ ਇਨ੍ਹਾਂ ਨੂੰ ਦੁਬਾਰਾ ਸੁਰਜੀਤ ਕੀਤਾ ਜਾਵੇ, ਇਨ੍ਹਾਂ ਦੀ ਹਰ ਸਾਲ ਸਫ਼ਾਈ ਹੋਵੇ ਤਾਂ ਹੜ੍ਹਾਂ ਦੇ ਭਿਆਨਕ ਸੰਕਟ ਤੋਂ ਨਿਜ਼ਾਤ ਪਾਈ ਜਾ ਸਕਦੀ ਹੈ। ਅਜਿਹਾ ਕਰਨ ਨਾਲ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ ਵੀ ਸੁਧਾਰ ਕੀਤਾ ਜਾ ਸਕਦਾ ਹੈ। ਸਾਡੀਆਂ ਸਰਕਾਰਾਂ ਨੂੰ ਪਿਛਲੇ ਸਮਿਆਂ ਤੋਂ ਸੀਖ ਲੈਣੀ ਚਾਹੀਦੀ ਹੈ। ਜੇਕਰ ਜੂਨ-ਜੁਲਾਈ ਡੈਮਾਂ ਤੋਂ ਹੌਲੀ-ਹੌਲੀ ਪਾਣੀ ਛੱਡਿਆ ਜਾਂਦਾ ਤਾਂ ਸ਼ਾਇਦ ਅੱਜ ਇਹ ਸਥਿਤੀ ਨਾ ਬਣਦੀ। ਖ਼ੈਰ ਜੋ ਹੋਣਾ ਸੀ ਹੋ ਚੁੱਕਾ ਹੈ, ਹੁਣ ਸਿਰਫ਼ ਜ਼ਰੂਰਤ ਹੈ ਹੜ੍ਹ ਪੀੜਤਾਂ ਕੀ ਮਦਦ ਕਰਨ ਦੀ। ਜਾਤ, ਧਰਮ, ਰਾਜਨੀਤੀ ਤੋਂ ਉੱਪਰ ਉੱਠ ਕੇ ਇਨਸਾਨੀਅਤ ਦੇ ਨਾਤੇ ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਅਸੀਂ ਹੜ੍ਹ ਪੀੜਤ ਪ੍ਰਵਾਰਾਂ ਦੀ ਮਦਦ ਕਰੀਏ।

# ਪੀ.ਏ.ਯੂ. ਬਾਇਓਟੈਕਨਾਲੋਜੀ ਦੇ ਵਿਦਿਆਰਥੀਆਂ ਨੇ ਏ.ਆਈ. ਅਤੇ ਡਿਜੀਟਲ ਮਾਰਕੀਟਿੰਗ ਵਿਚ ਭਵਿੱਖ-ਤਿਆਰ ਹੁਨਰ ਸਿੱਖੇ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ (ਪੀ.ਏ.ਯੂ.) ਲੁਧਿਆਣਾ ਦੇ ਸਕੂਲ ਆਫ ਐਗਰੀਕਲਚਰਲ ਬਾਇਓਟੈਕਨਾਲੋਜੀ ਵੱਲੋਂ ਆਦਵੀ ਬਿਜਨਸ ਸਟਰਕਚਰਜ (LLP) ਦੇ ਸਹਿਯੋਗ ਨਾਲ "ਭਵਿੱਖ-ਤਿਆਰ ਹੁਨਰ : ਖੇਤੀਬਾੜੀ ਵਿੱਚ ਡਿਜੀਟਲ ਮਾਰਕੀਟਿੰਗ ਅਤੇ ਈ-ਕਾਮਰਸ ਵਿੱਚ ਆਰਟੀਫਿਸਲ ਇੰਟੈਲੀਜੈਂਸ (ਏ.ਆਈ.) ਦੀ ਭੂਮਿਕਾ" ਵਿਸ਼ੇ ਤੇ ਇੱਕ ਜਾਣਕਾਰੀਪੂਰਕ ਸੈਸਨ ਆਯੋਜਿਤ ਕੀਤਾ ਗਿਆ।

ਸੈਸ਼ਨ ਵਿੱਚ ਰੌਸ਼ਨੀ ਪਾਈ ਗਈ ਕਿ ਕਿਵੇਂ ਆਰਟੀਫਿਸ਼ਲ ਇੰਟੈਲੀਜੈਂਸ (ਏ.ਆਈ.) ਖੇਤੀਬਾੜੀ ਅਤੇ ਡਿਜੀਟਲ ਦੋਵੇਂ ਖੇਤਰਾਂ ਦਾ ਰੂਪ ਬਦਲ ਰਹੀ ਹੈ ਅਤੇ ਵਿਦਿਆਰਥੀਆਂ ਨੂੰ ਆਪਣੇ ਵਿਵਸਾਇਕ ਜੀਵਨ ਵਿੱਚ ਨਵੀਂ ਤਕਨੀਕਾਂ ਨੂੰ ਅਪਣਾਉਣ ਲਈ ਤਿਆਰ ਕਰ ਰਹੀ ਹੈ।

ਇਹ ਸੈਸ਼ਨ ਦੋ ਪ੍ਰਸਿੱਧ ਮਾਹਿਰਾਂ ਵੱਲੋਂ ਪੇਸ਼ ਕੀਤਾ ਗਿਆ - ਡਾ. ਮਲਵਿੰਦਰ ਸਿੰਘ ਮੱਲ੍ਹੀ, ਏ.ਆਈ. ਇਨ ਐਗਰੀਕਲਚਰ ਮਾਹਿਰ ਅਤੇ ਕੁਮਾਰੀ ਕੋਮਲ ਚੋਪੜਾ ਲੇਖੀ, ਏ.ਆਈ. ਇਨ ਡਿਜੀਟਲ ਮਾਰਕੀਟਿੰਗ ਮਾਹਿਰ। ਡਾ. ਮੱਲ੍ਹੀ ਨੇ ਏ.ਆਈ. ਆਧਾਰਿਤ ਟੂਲਜ ਅਤੇ ਨਵੀਨਤਾਵਾਂ ਦੀ ਖੇਤੀਬਾੜੀ ਉਤਪਾਦਕਤਾ, ਬਾਇਓਟੈਕਨਾਲੋਜੀ ਖੋਜ ਅਤੇ ਟਿਕਾਊ ਖੇਤੀ ਵਿੱਚ ਭੂਮਿਕਾ ਬਾਰੇ ਜਾਣਕਾਰੀ ਦਿੱਤੀ। ਕੁਮਾਰੀ ਲੇਖੀ ਨੇ ਵਿਦਿਆਰਥੀਆਂ ਨੂੰ ਅਮਲੀ ਉਦਾਹਰਨਾਂ ਨਾਲ ਸਮਝਾਇਆ ਕਿ ਕਿਵੇਂ ਏ.ਆਈ. ਡਿਜੀਟਲ ਮਾਰਕੀਟਿੰਗ ਅਤੇ ਈ-ਕਾਮਰਸ ਦਾ ਰੂਪ ਬਦਲ ਰਹੀ ਹੈ ਅਤੇ ਬਾਇਓਟੈਕਨਾਲੋਜੀ ਦੇ ਗ੍ਰੈਜੂਏਟਸ ਲਈ ਕਰੀਅਰ ਦੇ ਨਵੇਂ ਮੌਕੇ ਪੈਦਾ ਕਰ ਰਹੀ ਹੈ, ਜਿਥੇ ਉਹ ਏ.ਆਈ. ਆਧਾਰਿਤ ਮਾਰਕੀਟਿੰਗ ਟੂਲਜ ਨੂੰ ਖੇਤੀਬਾੜੀ ਦੇ ਕਾਰੋਬਾਰਾਂ ਅਤੇ ਸਟਾਰਟਅੱਪਸ ਵਿੱਚ ਵਰਤ ਸਕਦੇ ਹਨ।







ਇਹ ਪ੍ਰੋਗਰਾਮ ਡਾ. ਯੋਗੇਸ਼ ਵਿਕਲ, ਡਾਇਰੈਕਟਰ, ਸਕੂਲ ਆਫ ਐਗਰੀਕਲਚਰਲ ਬਾਇਓਟੈਕਨਾਲੋਜੀ ਦੀ ਰਾਹਨੁਮਾਈ ਹੇਠ ਹੋਇਆ ਅਤੇ ਇਸ ਦੀ ਕੋਆਰਡੀਨੇਸਨ ਡਾ. ਪ੍ਰਸ਼ਾਂਤ ਮੋਹਨਪੁਰੀਆ, ਅਸਿਸਟੈਂਟ ਪ੍ਰੋਫੈਸਰ ਵੱਲੋਂ ਕੀਤੀ ਗਈ। ਦੋਵੇਂ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਬਹੁ-ਵਿਭਾਗੀ ਹੁਨਰ ਦੇ ਨਾਲ ਲੈਸ ਕਰਨ ਦੀ ਲੋੜ ਤੇ ਜ਼ੋਰ ਦਿੱਤਾ ਤਾਂ ਜੋ ਉਹ ਤੇਜ਼ੀ ਨਾਲ ਬਦਲਦੇ ਨੌਕਰੀ ਬਾਜ਼ਾਰ ਵਿੱਚ ਮੁਕਾਬਲੇਯੋਗ ਰਹਿ ਸਕਣ।

ਲਗਭਗ 73 ਵਿਦਿਆਰਥੀਆਂ ਨੇ ਸੈਸ਼ਨ ਵਿੱਚ ਭਾਗ ਲਿਆ ਅਤੇ ਉਨ੍ਹਾਂ ਨੂੰ ਭਾਗੀਦਾਰੀ ਦੇ ਸਰਟੀਫਿਕੇਟ ਵੀ ਦਿੱਤੇ ਗਏ। ਇਹ ਪ੍ਰੋਗਰਾਮ ਬਾਇਓਟੈਕਨਾਲੋਜੀ, ਖੇਤੀਬਾੜੀ ਅਤੇ ਏ.ਆਈ. ਆਧਾਰਿਤ ਡਿਜੀਟਲ ਰਣਨੀਤੀਆਂ ਦੇ ਮਿਲਾਪ ਨੂੰ ਸਮਝਣ ਲਈ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਵੱਲ ਇੱਕ ਕੀਮਤੀ ਕਦਮ ਸਾਬਤ ਹੋਇਆ।

# ਆਮ ਨਾਲੋਂ ਜ਼ਿਆਦਾ ਪਵੇਗਾ ਸਤੰਬਰ ਮਹੀਨੇ ਵਿੱਚ ਮੀਂਹ

## ਮੌਸਮ ਵਿਭਾਗ ਨੇ ਦੇਸ਼ ਵਿੱਚ ਕਈ ਥਾਵਾਂ 'ਤੇ ਹੜ੍ਹ, ਜ਼ਮੀਨ ਖਿਸਕਣ ਦੀ ਚੇਤਾਵਨੀ ਦਿੱਤੀ

ਦੇਸ਼ ਦੇ ਕਈ ਹਿੱਸਿਆਂ ਵਿੱਚ ਭਾਰੀ ਮੀਂਹ ਕਾਰਨ ਪਹਿਲਾਂ ਹੀ ਕਈ ਆਫਤਾਂ ਦਾ ਸਾਹਮਣਾ ਕਰ ਰਹੇ ਭਾਰਤ ਵਿੱਚ ਸਤੰਬਰ ਦੌਰਾਨ ਆਮ ਨਾਲੋਂ ਜ਼ਿਆਦਾ ਮੀਂਹ ਪੈਣ ਦੀ ਸੰਭਾਵਨਾ ਹੈ। ਭਾਰਤੀ ਮੌਸਮ ਵਿਭਾਗ (ਆਈ. ਐਮ. ਡੀ.) ਨੇ ਕਿਹਾ ਕਿ ਸਤੰਬਰ 2025 ਵਿੱਚ ਮਹੀਨਾਵਾਰ ਔਸਤ ਮੀਂਹ 167.9 ਮਿਲੀਮੀਟਰ ਦੇ ਲੰਮੇ ਸਮੇਂ ਦੇ ਔਸਤ ਦੇ 109 ਫੀਸਦੀ ਤੋਂ ਵੱਧ ਹੋਣ ਦੀ ਉਮੀਦ ਹੈ। ਪਸ਼ੀਨਗੋਈ ਮੁਤਾਬਕ ਜ਼ਿਆਦਾਤਰ ਇਲਾਕਿਆਂ ਵਿੱਚ ਆਮ ਤੋਂ ਲੈ ਕੇ ਆਮ ਤੋਂ ਵੱਧ ਮੀਂਹ ਪਵੇਗਾ, ਜਦਕਿ ਉੱਤਰ-ਪੂਰਬ ਅਤੇ ਪੂਰਬ ਦੇ ਕੁੱਝ ਹਿੱਸਿਆਂ, ਦੱਖਣੀ ਪ੍ਰਾਇਦੀਪ ਭਾਰਤ ਦੇ ਕਈ ਇਲਾਕਿਆਂ ਅਤੇ ਉੱਤਰ-ਪੱਛਮੀ ਭਾਰਤ ਦੇ ਕੁਝ ਹਿੱਸਿਆਂ ਵਿੱਚ ਆਮ ਤੋਂ ਘੱਟ ਮੀਂਹ ਪੈਣ ਦੀ ਸੰਭਾਵਨਾ ਹੈ।

ਆਈ. ਐਮ. ਡੀ. ਦੇ ਡਾਇਰੈਕਟਰ ਜਨਰਲ ਮ੍ਰਿਤਿਊਂਜੇ ਮਹਾਪਾਤਰਾ ਨੇ ਚੇਤਾਵਨੀ ਦਿੱਤੀ ਹੈ ਕਿ ਭਾਰੀ ਮੀਂਹ ਕਾਰਨ ਸਤੰਬਰ ਦੌਰਾਨ ਉਤਰਾਖੰਡ ਵਿੱਚ ਜ਼ਮੀਨ ਖਿਸਕਣ ਦੀਆਂ ਘਟਨਾਵਾਂ ਵਾਪਰ ਸਕਦੀਆ ਹਨ ਅਤੇ ਹੜ੍ਹ ਆ ਸਕਦੇ ਹਨ। ਦੱਖਣੀ ਹਰਿਆਣਾ, ਦਿੱਲੀ ਅਤੇ ਉੱਤਰੀ ਰਾਜਸਥਾਨ ਵਿੱਚ ਵੀ ਆਮ ਜਨਜੀਵਨ ਪ੍ਰਭਾਵਿਤ ਹੋ



ਸਕਦਾ ਹੈ। ਉਨ੍ਹਾਂ ਕਿਹਾ ਕਿ, "ਬਹੁਤ ਸਾਰੀਆਂ ਨਦੀਆਂ ਉਤਰਾਖੰਡਾਂ ਤੋਂ ਨਿਕਲਦੀਆਂ ਹਨ। ਇਸ ਲਈ, ਭਾਰੀ ਮੀਂਹ ਦਾ ਮਤਲਬ ਹੈ ਕਿ ਬਹੁਤ ਸਾਰੀਆਂ ਨਦੀਆਂ ਵਿੱਚ ਹੜ੍ਹ ਆ ਜਾਵੇਗਾ ਅਤੇ ਇਹ ਹੇਠਲੇ ਸ਼ਹਿਰਾਂ ਤੇ ਕਸਬਿਆਂ ਨੂੰ ਪ੍ਰਭਾਵਿਤ ਕਰੇਗਾ। ਇਸ ਲਈ ਸਾਨੂੰ ਇਸ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।" ਉਨ੍ਹਾਂ ਕਿਹਾ ਕਿ ਛੱਤੀਸਗੜ੍ਹ ਵਿੱਚ ਮਹਾਨਦੀ ਨਦੀ ਦੇ ਉਪਰਲੇ ਕੈਚਮੈਂਟ ਖੇਤਰਾਂ ਵਿੱਚ ਵੀ ਭਾਰੀ ਮੀਂਹ ਦੀ ਸੰਭਾਵਨਾ ਹੈ। ਮੌਸਮ ਵਿਭਾਗ ਨੇ ਕਿਹਾ ਕਿ ਸਤੰਬਰ ਦੌਰਾਨ ਪੱਛਮੀ-ਮੱਧ, ਉੱਤਰ-ਪੱਛਮੀ ਅਤੇ ਦੱਖਣੀ ਭਾਰਤ ਦੇ ਕਈ ਇਲਾਕਿਆਂ ਵਿੱਚ ਮਹੀਨਾਵਾਰ ਔਸਤ ਵੱਧ ਤੋਂ ਵੱਧ ਤਾਪਮਾਨ ਵੀ ਆਮ ਤੋਂ ਘੱਟ ਰਹਿਣ ਦੀ ਉਮੀਦ ਹੈ।

ਆਈ. ਐਮ. ਡੀ. ਦੇ ਅੰਕੜਿਆਂ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿੱਚ 1 ਜੂਨ ਤੋਂ 31 ਅਗਸਤ ਦੇ ਵਿਚਕਾਰ 743.1 ਮਿਲੀਮੀਟਰ ਮੀਂਹ ਪਿਆ, ਜੋ ਲੰਬੇ ਸਮੇਂ ਦੇ ਔਸਤ 700.7 ਮਿਲੀਮੀਟਰ ਤੋਂ ਲਗਭਗ 6 ਫੀਸਦੀ ਵੱਧ ਹੈ। ਜੂਨ ਵਿੱਚ 180 ਮਿਲੀਮੀਟਰ ਮੀਂਹ ਪਿਆ, ਜੋ ਆਮ ਨਾਲੋਂ 9 ਫੀਸਦੀ ਜ਼ਿਆਦਾ ਹੈ।

### ਅਗਸਤ ਦੌਰਾਨ ਉੱਤਰ-ਪੱਛਮੀ ਭਾਰਤ ਵਿੱਚ 2001 ਤੋਂ ਬਾਅਦ ਸਭ ਤੋਂ ਜ਼ਿਆਦਾ ਮੀਂਹ

ਮਹਾਪਾਤਰਾ ਨੇ ਕਿਹਾ ਕਿ ਉੱਤਰ-ਪੱਛਮੀ ਭਾਰਤ ਵਿੱਚ ਅਗਸਤ ਦੌਰਾਨ 265 ਮਿਲੀਮੀਟਰ ਮੀਂਹ ਪਿਆ, ਜੋ 2001 ਤੋਂ ਬਾਅਦ ਮਹੀਨੇ ਵਿੱਚ ਸਭ ਤੋਂ ਵੱਧ ਹੈ ਅਤੇ 1901 ਤੋਂ ਬਾਅਦ 13ਵਾਂ ਸਭ ਤੋਂ ਵੱਧ ਮੀਂਹ ਹੈ। ਇਸ ਖੇਤਰ ਵਿੱਚ ਹੁਣ ਤੱਕ ਮੌਨਸੂਨ ਦੇ ਮੌਸਮ ਦੇ ਸਾਰੇ ਤਿੰਨ ਮਹੀਨਿਆਂ ਵਿੱਚ ਆਮ ਤੋਂ ਵੱਧ ਮੀਂਹ ਪਿਆ ਹੈ। ਕੁੱਲ ਮਿਲਾ ਕੇ ਉੱਤਰ-ਪੱਛਮੀ ਭਾਰਤ ਵਿੱਚ 1 ਜੂਨ ਤੋਂ 31 ਅਗਸਤ ਦੇ ਵਿਚਕਾਰ 614.2 ਮਿਲੀਮੀਟਰ ਮੀਂਹ ਪਿਆ, ਜੋ ਆਮ 484.9 ਮਿਲੀਮੀਟਰ ਨਾਲੋਂ ਲਗਭਗ 27 ਫੀਸਦੀ ਵੱਧ ਹੈ। ਪੰਜਾਬ ਨੂੰ ਕਈ ਦਹਾਕਿਆਂ ਦੇ ਸਭ ਤੋਂ ਭਿਆਨਕ ਹੜ੍ਹਾਂ ਦਾ ਸਾਹਮਣਾ ਕਰਨਾ ਪਿਆ, ਜਿਸ ਕਾਰਨ ਦਰਿਆ ਪਾਣੀ ਨਾਲ ਭਰ ਗਏ ਅਤੇ ਕਈ ਨਹਿਰਾਂ ਵਿੱਚ ਪਾੜ ਪੈ ਗਿਆ। ਹਜ਼ਾਰਾਂ ਹੈਕਟੇਅਰ ਖੇਤ ਪਾਣੀ ਵਿੱਚ ਡੁੱਬ ਗਏ ਅਤੇ ਲੱਖਾਂ ਲੋਕ ਬੇਘਰ ਹੋ ਗਏ। ਹਿਮਾਲਿਆ ਦੇ ਸੂਬਿਆਂ ਹਿਮਾਚਲ ਪ੍ਰਦੇਸ਼, ਉੱਤਰਾਖੰਡ ਅਤੇ ਜੰਮੂ-ਕਸ਼ਮੀਰ ਵਿੱਚ ਬੱਦਲ ਫਟਣ ਅਤੇ ਹੜ੍ਹ ਕਾਰਨ ਜ਼ਮੀਨ ਖਿਸਕਣ ਅਤੇ ਜਾਨ-ਮਾਲ ਦਾ ਭਾਰੀ ਨੁਕਸਾਨ ਹੋਇਆ ਹੈ। ਮਹਾਪਾਤਰਾ ਨੇ ਕਿਹਾ ਕਿ ਮੌਨਸੂਨ 14 ਅਗਸਤ ਤੋਂ ਤੇਜ਼ੀ ਨਾਲ ਮੁੜ ਸੁਰਜੀਤ ਹੋਇਆ ਹੈ ਅਤੇ ਮਹੀਨੇ ਦੇ ਦੂਜੇ ਅੱਧ ਵਿੱਚ 15 ਦਿਨਾਂ ਲਈ ਚਾਰ ਘੱਟ ਦਬਾਅ ਪ੍ਰਣਾਲੀਆਂ ਕਾਰਨ ਸਰਗਰਮ ਸਥਿਤੀਆਂ ਬਰਕਰਾਰ ਹਨ।

# ਹੜ੍ਹਾਂ ਕਰਕੇ 1.75 ਲੱਖ ਹੈਕਟੇਅਰ ਫ਼ਸਲੀ ਰਕਬਾ ਬਰਬਾਦ

ਪੰਜਾਬ ਵਿੱਚ ਭਿਆਨਕ ਹੜ੍ਹਾਂ ਕਰਕੇ 1,75,216 ਹੈਕਟੇਅਰ ਖੇਤੀਬਾੜੀ ਰਕਬੇ ਵਿੱਚ ਫ਼ਸਲਾਂ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ। ਗੁਰਦਾਸਪੁਰ, ਅੰਮ੍ਰਿਤਸਰ, ਮਾਨਸਾ, ਫਿਰੋਜ਼ਪੁਰ ਅਤੇ ਫਾਜ਼ਿਲਕਾ ਵਿੱਚ ਫ਼ਸਲਾਂ ਦਾ ਸਭ ਤੋਂ ਵੱਧ ਨੁਕਸਾਨ ਹੋਇਆ ਹੈ। ਮਾਲ, ਮੁੜ ਵਸੇਬਾ ਤੇ ਆਫਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਦੱਸਿਆ ਕਿ ਨੀਵੇਂ ਅਤੇ ਬੁਰੀ ਤਰ੍ਹਾਂ ਪ੍ਰਭਾਵਿਤ ਇਲਾਕਿਆਂ ਵਿੱਚੋਂ 20,000 ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ। ਗੁਰਦਾਸਪੁਰ ਵਿੱਚ ਸਭ ਤੋਂ ਵੱਧ 5581 ਵਿਅਕਤੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ। ਫਿਰੋਜ਼ਪੁਰ ਵਿੱਚ 3495, ਅੰਮ੍ਰਿਤਸਰ ਵਿੱਚ 2734, ਫਾਜ਼ਿਲਕਾ ਵਿੱਚ 2422, ਹੁਸ਼ਿਆਰਪੁਰ ਵਿੱਚ 1615, ਕਪੂਰਥਲਾ ਵਿੱਚ 1428, ਪਠਾਨਕੋਟ ਵਿੱਚ 1139, ਬਰਨਾਲਾ ਵਿੱਚ 369, ਜਲੰਧਰ ਵਿੱਚ 474, ਮੋਗਾ ਵਿੱਚ 115, ਮਾਨਸਾ ਵਿੱਚ 16, ਰੂਪਨਗਰ ਵਿੱਚ 65 ਅਤੇ ਤਰਨਤਾਰਨ ਵਿੱਚ 21 ਵਿਅਕਤੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ। ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਦੇ ਰਹਿਣ ਲਈ ਰਾਜ ਭਰ ਵਿੱਚ 167 ਰਾਹਤ ਕੈਂਪ ਸਥਾਪਿਤ ਕੀਤੇ ਗਏ ਹਨ।

ਸੂਬੇ ਵਿੱਚ 1,75,216 ਹੈਕਟੇਅਰ ਰਕਬੇ ਵਿੱਚ ਖੜ੍ਹੀਆਂ ਫ਼ਸਲਾਂ ਬਰਬਾਦ ਹੋ ਚੁੱਕੀਆਂ ਹਨ, ਜਿਸ ਵਿੱਚ ਇਕੱਲੇ ਗੁਰਦਾਸਪੁਰ ਵਿੱਚ 40,169 ਹੈਕਟੇਅਰ ਤੋਂ ਵੱਧ ਫ਼ਸਲੀ ਰਕਬੇ ਦਾ ਨੁਕਸਾਨ ਹੋਇਆ ਹੈ। 12 ਜ਼ਿਲ੍ਹਿਆਂ ਵਿੱਚ 37 ਲੋਕਾਂ ਦੀ ਜਾਨ ਗਈ ਹੈ, ਜਦੋਂਕਿ ਪਠਾਨਕੋਟ ਦੇ ਤਿੰਨ ਵਿਅਕਤੀ ਅਜੇ ਵੀ ਲਾਪਤਾ ਹਨ। ਸਭ ਤੋਂ ਵੱਧ ਹੁਸ਼ਿਆਰਪੁਰ ਵਿੱਚ 7 ਮੌਤਾਂ ਹੋਈਆਂ ਹਨ। ਪਠਾਨਕੋਟ ਵਿੱਚ 6, ਬਰਨਾਲਾ ਵਿੱਚ 5, ਅੰਮ੍ਰਿਤਸਰ ਤੇ ਲੁਧਿਆਣਾ ਵਿੱਚ 4-4, ਜਦੋਂਕਿ ਬਠਿੰਡਾ ਅਤੇ ਮਾਨਸਾ ਵਿੱਚ 3-3, ਗੁਰਦਾਸਪੁਰ, ਪਟਿਆਲਾ, ਰੂਪਨਗਰ, ਮੋਹਾਲੀ ਤੇ ਸੰਗਰੂਰ ਵਿੱਚ 1-1 ਮੌਤ ਦਰਜ ਕੀਤੀ ਗਈ ਹੈ।

# ਉੱਘੇ ਲੇਖਕ ਅਤੇ ਅਰਥਸ਼ਾਸਤਰੀ ਡਾ. ਬਰਾੜ ਨੇ ਪੰਜਾਬ ਦੇ ਰਾਜਪਾਲ ਨਾਲ ਮੁਲਾਕਾਤ

ਡਾ. ਅਮਨਪ੍ਰੀਤ ਸਿੰਘ ਬਰਾੜ ਉੱਘੇ ਲੇਖਕ ਅਤੇ ਅਰਥਸ਼ਾਸਤਰੀ ਨੇ ਲੁਧਿਆਣਾ ਵਿਖੇ ਪੰਜਾਬ ਦੇ ਰਾਜਪਾਲ ਸ਼੍ਰੀ ਗੁਲਾਬ ਚੰਦ ਕਟਾਰਿਆ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਰਾਜਪਾਲ ਨਾਲ ਪੰਜਾਬ ਨੂੰ ਦਰਪੇਸ਼ ਮੁਸ਼ਕਿਲਾਂ ਦੀ ਜਾਣਕਾਰੀ ਸਾਂਝੀ ਕੀਤੀ। ਡਾ. ਬਰਾੜ ਨੇ ਰਾਜਪਾਲ ਨੂੰ ਕਿਸਾਨਾਂ ਨੂੰ ਆ ਰਹੀਆਂ ਮੁਸ਼ਕਿਲਾਂ ਖਾਸ ਕਰਕੇ ਖੇਤੀ ਦੇ ਮੰਡੀਕਰਨ ਨੂੰ ਲੈ ਕੇ ਵਿਚਾਰ ਵਟਾਂਦਰਾ ਕੀਤਾ। ਉਹਨਾਂ ਨੇ ਨੌਜਵਾਨਾਂ ਨੂੰ ਖੇਤੀ ਪੈਦਾਵਾਰ ਦੇ ਪ੍ਰੋਸੈਸਿੰਗ ਉਦਯੋਗ ਵੱਲ ਲਿਜਾਣ ਦਾ ਹਵਾਲਾ ਦਿੱਤਾ। ਜਿਸ ਨਾਲ ਪੇਂਡੂ ਖੇਤਰ ਵਿੱਚ ਰੋਜ਼ਗਾਰ ਦੇ ਮੌਕੇ ਵਧਣਗੇ ਅਤੇ ਖੇਤੀ ਆਮਦਨ ਵਿੱਚ ਵੀ ਵਾਧਾ ਹੋ ਸਕਦਾ ਹੈ। ਜਿਸ ਨਾਲ ਨਸ਼ਿਆਂ ਅਤੇ ਜੁਰਮ ਨੂੰ ਠੱਲ ਪਵੇਗੀ। ਨਾਲ ਹੀ ਫ਼ਸਲੀ ਵਿਭਿੰਨਤਾ ਨੂੰ ਅੱਗੇ ਵਧਾਉਣ ਅਤੇ ਪਾਣੀ ਨੂੰ ਬਚਾਉਣ ਦੇ ਉਪਰਾਲੇ ਹੇਠ ਏਥਨੋਲ ਨੂੰ ਮੱਕੀ ਤੋਂ ਬਣਾਉਣ ਦੀ ਸਿਫਾਰਿਸ਼ ਕੀਤੀ। ਡਾ. ਬਰਾੜ ਨੇ ਆਪਣੀ ਕਿਤਾਬ "ਪੰਜਾਬ ਦੀ ਖੇਤੀ ਪ੍ਰਬੰਧਨ ਦੀ ਅੱਖ ਤੋਂ" ਰਾਜਪਾਲ ਨੂੰ




ਭੇਟ ਕੀਤੀ।

ਰਾਜਪਾਲ ਨੇ ਡਾ. ਬਰਾੜ ਦੇ ਸੁਝਾਅ ਅਤੇ ਦੂਰ ਅੰਦੇਸ਼ੀ ਸੋਚ ਨੂੰ ਸਲਾਉਂਦੇ ਹੋਏ ਹੋਰ ਕੰਮ ਕਰਨ ਲਈ ਕਿਹਾ। ਨਾਲ ਹੀ ਵਿਸ਼ਵਾਸ ਦਿੱਤਾ ਕਿ ਇਹਨਾਂ ਨੁਕਤਿਆਂ ਤੇ ਵਿਚਾਰ ਕਰਕੇ ਆਉਣ ਵਾਲੇ ਸਮੇਂ ਵਿੱਚ ਵਿਚਾਰ ਕਰਕੇ ਅਮਲ ਕਰਵਾਇਆ ਜਾਵੇਗਾ।

# ਝੋਨੇ ਵਿੱਚ ਬੂਟਿਆਂ ਦੇ ਟਿੱਡਿਆਂ ਦੇ ਹਮਲੇ ਤੋਂ ਰਹੋ ਸੁਚੇਤ

ਪੰਜਾਬ ਵਿੱਚ ਚਿੱਟੀ ਪਿੱਠ ਵਾਲਾ ਟਿੱਡਾ ਅਤੇ ਭੂਰਾ ਟਿੱਡਾ ਝੋਨੇ ਦੀ ਫ਼ਸਲ

| ਹਾਨੀਕਾਰਕ ਕੀੜਾ | ਕੀਟਨਾਸ਼ਕ | | ਮਾਤਰਾ/ ਏਕੜ |
|---|---|---|---|
| | ਜ਼ਹਿਰ | ਮਾਰਕਾ | |
| ਬੂਟਿਆਂ ਦੇ ਟਿੱਡੇ | ਅਜ਼ੈਡੀਰੈਕਟਿਨ 5% | ਇਕੋਟਿਨ | 80 ਮਿਲੀਲਿਟਰ |
| | ਫਲੂਪਾਈਰੀਮਿਨ | ਵਿਓਲਾ 10 ਐਸ ਸੀ | 300 ਮਿਲੀਲਿਟਰ |
| | ਫਲੋਨਿਕਾਮਿਡ | ਉਲਾਲਾ 50 ਡਬਲਯੂ ਜੀ | 60 ਗ੍ਰਾਮ |
| | ਟ੍ਰਾਈਫਲੂਮੀਜ਼ੋਪਾਇਰਮ | ਪੈਕਸਾਲੋਨ 10 ਐਸ ਸੀ | 94 ਮਿਲੀਲਿਟਰ |
| | ਡਾਇਨੋਟੈਫੂਰਾਨ | ਟੋਕਨ/ਓਸ਼ੀਨ/ ਡੋਮਿਨੇਂਟ 20 ਐਸ ਜੀ | 80 ਗ੍ਰਾਮ |
| | ਪਾਈਮੈਟਰੋਜ਼ਿਨ | ਚੈੱਸ 50 ਡਬਲਯੂ ਜੀ | 120 ਗ੍ਰਾਮ |
| | ਬੈਂਜ਼ਪਾਇਰੀਮੋਕਸਾਨ | ਆਰਕੈਸਟਰਾ 10 ਐਸ ਸੀ | 400 ਮਿਲੀਲਿਟਰ |
| | ਫਲੂਪਾਇਰੀਮਿਨ | ਇਮੇਜਿਨ/ਵਿਓਲਾ 10 ਐਸ ਸੀ | 300 ਮਿਲੀਲਿਟਰ |
| | ਕੁਇਨਲਫਾਸ | ਏਕਾਲਕਸ/ਕੁਇਨਗਾਰਡ/ ਕੁਇਨਲਮਾਸ 25 ਈ ਸੀ | 800 ਮਿਲੀਲਿਟਰ |

ਦਾ ਨੁਕਸਾਨ ਕਰਦੇ ਹਨ। ਬੱਚੇ ਅਤੇ ਬਾਲਗ ਟਿੱਡੇ ਜੁਲਾਈ ਤੋਂ ਅਕਤੂਬਰ ਤੱਕ ਬੂਟਿਆਂ ਦਾ ਰਸ ਚੂਸਦੇ ਹਨ। ਹਮਲੇ ਵਾਲੇ ਬੂਟੇ ਸੁੱਕਣ ਕਾਰਨ ਟਿੱਡੇ ਨੇੜਲੇ ਨਰੋਏ ਬੂਟਿਆਂ ਤੇ ਚਲੇ ਜਾਂਦੇ ਹਨ ਅਤੇ ਇਸ ਤਰ੍ਹਾਂ ਬੂਟੇ ਦੌਗੀਆਂ / ਧੌੜੀਆਂ ਵਿੱਚ ਸੁੱਕਣੇ ਸ਼ੁਰੂ ਹੋ ਜਾਂਦੇ ਹਨ। ਨੁਕਸਾਨ ਤੋਂ ਬਚਣ ਲਈ ਇਸ ਕੀੜੇ ਦਾ ਲਗਾਤਾਰ ਨਿਰੀਖਣ ਕਰਦੇ ਰਹੋ ਅਤੇ ਸਮੇਂ ਸਿਰ ਰੋਕਥਾਮ ਲਈ ਉਪਰਾਲੇ ਕਰੋ :-

### ਰੋਕਥਾਮ

ਬੂਟਿਆਂ ਨੂੰ ਟੇਢੇ ਕਰਕੇ ਦੋ-ਤਿੰਨ ਵਾਰ ਹਲਕਾ-ਹਲਕਾ ਥਾਪੜੋ / ਝਾੜੋ। ਜੇ 5 ਜਾਂ ਵੱਧ ਟਿੱਡੇ ਪ੍ਰਤੀ ਬੂਟਾ ਪਾਣੀ ਉੱਤੇ ਤਰਦੇ ਦਿਖਾਈ ਦੇਣ ਤਾਂ ਕਿਸੇ ਇੱਕ ਕੀਟਨਾਸ਼ਕ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ।

### ਚਿਤਾਵਨੀਆਂ

ੳ) ਛਿੜਕਾਅ ਕਰਨ ਵੇਲੇ ਪੰਪ ਦੇ ਫ਼ੁਹਾਰੇ ਦਾ ਰੁਖ਼ ਬੂਟਿਆਂ ਦੇ ਮੁੱਢਾਂ ਵੱਲ ਰੱਖੋ ਤਾਂ ਜੋ ਰਸਾਇਣ ਬੂਟਿਆਂ ਦੇ ਮੁੱਢਾਂ ਤੇ ਜ਼ਰੂਰ ਪਵੇ ਜਿੱਥੇ ਇਹ ਕੀੜੇ ਵਧੇਰੇ ਹੁੰਦੇ ਹਨ।




ਅ) ਜੇ ਕੀੜੇ ਦਾ ਹਮਲਾ ਦੌਗੀਆਂ/ਧੌੜੀਆਂ ਵਿੱਚ ਹੋਵੇ ਤਾਂ ਕੀਟਨਾਸ਼ਕ ਦਾ ਛਿੜਕਾਅ ਸਾਰੇ ਖੇਤ ਦੀ ਬਜਾਏ ਅਜਿਹੀਆਂ ਦੌਗੀਆਂ/ਧੌੜੀਆਂ ਉੱਪਰ ਅਤੇ ਇਨ੍ਹਾਂ ਦੇ ਆਲੇ-ਦੁਆਲੇ ਤਿੰਨ-ਚਾਰ ਮੀਟਰ ਦੇ ਘੇਰੇ ਅੰਦਰ ਆਉਂਦੇ ਤੰਦਰੁਸਤ ਬੂਟਿਆਂ ਤੇ ਹੀ ਕਰੋ ਕਿਉਂਕਿ ਟਿੱਡਿਆਂ ਦੀ ਜ਼ਿਆਦਾ ਗਿਣਤੀ ਇਨ੍ਹਾਂ ਥਾਂਵਾਂ ਤੇ ਹੀ ਹੁੰਦੀ ਹੈ।

**ਰਣਵੀਰ ਸਿੰਘ ਅਤੇ ਵਿਨੈ ਸਿੰਘ,**
**ਕ੍ਰਿਸ਼ੀ ਵਿਗਿਆਨ ਕੇਂਦਰ, ਮਾਨਸਾ**
(ਮੋ. 80734-35740)


# ਖੇਤੀ ਦੁਨੀਆਂ

## ਚੰਦਿਆਂ 'ਤੇ ਵਿਸ਼ੇਸ਼ ਛੂਟ

ਇੱਕ ਸਾਲ ਲਈ 300/- ਰੁਪਏ

ਦੋ ਸਾਲ ਲਈ 500/- ਰੁਪਏ

ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।

ਇਹ ਸਕੀਮ 30 ਸਤੰਬਰ, 2025 ਤੱਕ ਹੈ।

ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/-* ਰੁਪਏ

KHETI DUNIYAN
TID - 62763351

ਚੰਦੇ ਭਰਨ ਲਈ QR ਕੋਡ ਸਕੈਨ ਕਰੋ।

# ਖੇਤੀ ਦੁਨੀਆਂ


ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com


# ਮੱਕੀ ਦੇ ਪੱਤਿਆਂ ਅਤੇ ਟਾਂਡਿਆਂ ਦੇ ਗਲਣ ਤੇ ਝੁਲਸ ਰੋਗ ਦੀ ਰੋਕਥਾਮ ਜ਼ਰੂਰੀ

ਮੱਕੀ ਇੱਕ ਬਹੁਪੱਖੀ ਅਨਾਜੀ ਫ਼ਸਲ ਹੈ, ਜੋ ਮਨੁੱਖੀ ਭੋਜਨ, ਪਸ਼ੂਆਂ ਦੀ ਖ਼ੁਰਾਕ, ਅਤੇ ਉਦਯੋਗਿਕ ਤੌਰ 'ਤੇ ਬੀਜੀ ਜਾਂਦੀ ਹੈ। ਇਹ ਪੰਜਾਬ ਵਿੱਚ ਸਾਉਣੀ ਦੀ ਪ੍ਰਮੁੱਖ ਫ਼ਸਲ ਹੈ, ਜਿਸ ਨੂੰ ਝੋਨੇ ਦੇ ਮੁਕਾਬਲੇ ਘੱਟ ਪਾਣੀ ਦੀ ਲੋੜ ਹੁੰਦੀ ਹੈ ਅਤੇ ਝੋਨੇ-ਕਣਕ ਦੇ ਫ਼ਸਲੀ ਚੱਕਰ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਦੀ ਬਿਜਾਈ ਪਠਾਨਕੋਟ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਜਲੰਧਰ, ਰੂਪਨਗਰ ਅਤੇ ਗੁਰਦਾਸਪੁਰ ਆਦਿ ਜ਼ਿਲ੍ਹਿਆਂ ਵਿੱਚ ਵੱਡੇ ਪੱਧਰ 'ਤੇ ਕੀਤੀ ਜਾਂਦੀ ਹੈ। ਮੱਕੀ ਦੀ ਉਤਪਾਦਕਤਾ ਨੂੰ ਪ੍ਰਭਾਵਤ ਕਰਨ ਵਾਲੀਆਂ ਕਈ ਬਿਮਾਰੀਆਂ ਦਾ ਹਮਲਾ ਹੁੰਦਾ ਹੈ, ਇਨ੍ਹਾਂ ਵਿੱਚੋਂ ਪੱਤਿਆਂ ਅਤੇ ਟਾਂਡੇ ਦਾ ਝੁਲਸ ਰੋਗ ਤੇ ਟਾਂਡੇ ਗਲਣ ਦੀਆਂ ਗੰਭੀਰ ਬਿਮਾਰੀਆਂ ਹਨ, ਜੋ ਬਰਸਾਤਾਂ ਵਿੱਚ ਨਮੀ ਤੇ ਗਰਮ ਤਾਪਮਾਨ ਕਰਕੇ ਤੇਜ਼ੀ ਨਾਲ ਫੈਲਦੀਆਂ ਹਨ। ਜੇਕਰ ਸਮੇਂ ਸਿਰ ਇਸ ਦਾ ਨਿਰੀਖਣ ਨਾ ਕੀਤਾ ਜਾਵੇ ਤਾਂ ਇਹ ਫ਼ਸਲ ਨੂੰ ਭਾਰੀ ਨੁਕਸਾਨ ਪਹੁੰਚਾ ਸਕਦੀਆਂ ਹਨ। ਇਸ ਲਈ ਬਰਸਾਤਾਂ ਦੇ ਮੌਸਮ ਵਿੱਚ ਇਨ੍ਹਾਂ ਦੀ ਸੁਚੱਜੀ ਰੋਕਥਾਮ ਅਤਿ ਜ਼ਰੂਰੀ ਹੋ ਜਾਂਦੀ ਹੈ।

### ਪੱਤਿਆਂ ਤੇ ਟਾਂਡੇ ਦਾ ਝੁਲਸ ਰੋਗ

ਇਸ ਬਿਮਾਰੀ ਦੇ ਹਮਲੇ ਨਾਲ ਮੱਕੀ ਦੇ ਟਾਂਡੇ ਅਤੇ ਛੱਲੀਆਂ ਦੇ ਆਲੇ-ਦੁਆਲੇ ਪੱਤਿਆਂ 'ਤੇ ਫਿੱਕੇ ਅਤੇ ਗੂੜ੍ਹੇ ਸਲੇਟੀ ਰੰਗ ਦੇ ਧੱਬੇ ਪੈ ਜਾਂਦੇ ਹਨ। ਹੌਲੀ-ਹੌਲੀ ਇਹ ਧੱਬੇ ਇੱਕ ਦੂਸਰੇ ਨਾਲ ਮਿਲ ਕੇ ਸੱਪ ਦੀਆਂ ਕੌਡੀਆਂ ਵਰਗੇ ਨਜ਼ਰ ਆਉਂਦੇ ਹਨ। ਜ਼ਿਆਦਾ ਹਮਲੇ ਦੀ ਸੂਰਤ ਵਿੱਚ ਕਈ ਵਾਰ ਇਹ ਬਿਮਾਰੀ ਦੂਸਰੀਆਂ ਫ਼ਸਲਾਂ ਜਿਵੇਂ ਝੋਨਾ, ਗੰਨਾ ਆਦਿ 'ਤੇ ਵੀ ਹਮਲਾ ਕਰ ਦਿੰਦੀ ਹੈ। ਫ਼ਸਲ ਦੇ ਪੱਕਣ ਸਮੇਂ ਜ਼ਿਆਦਾ ਹਮਲੇ ਦੀ ਸੂਰਤ ਵਿੱਚ ਕਾਲੇ ਰੰਗ ਦੀਆਂ ਮਘਰੋੜੀਆਂ (ਸਕਲਰੋਸ਼ੀਆ) ਵੀ ਦਾਣਿਆਂ ਅਤੇ ਛੱਲੀਆਂ ਦੇ ਪਰਦੇ ਉੱਤੇ ਦੇਖਣ ਨੂੰ ਮਿਲ ਜਾਂਦੀਆਂ ਹਨ। ਅਖ਼ੀਰ ਗੰਭੀਰ ਹਮਲੇ ਹੇਠ ਆਈਆਂ ਛੱਲੀਆਂ ਦੇ ਦਾਣੇ ਵੀ ਸੁੱਕ ਜਾਂਦੇ ਹਨ। ਇਹ ਮਘਰੋੜੀਆਂ ਵਾਢੀ ਤੋਂ ਬਾਅਦ ਜ਼ਮੀਨ ਵਿੱਚ ਕਈ ਸਾਲ ਤੱਕ ਜੀਵਿਤ ਰਹਿੰਦੀਆਂ ਹਨ ਅਤੇ ਫਿਰ ਅਗਲੇ ਸਾਲ ਅਨੁਕੂਲ



ਹਾਲਤ ਵਿੱਚ ਫ਼ਸਲ 'ਤੇ ਹਮਲਾ ਕਰਦੀਆਂ ਹਨ।

**ਰੋਕਥਾਮ** : ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਸਮੇਂ ਸਿਰ ਬਿਮਾਰੀ 'ਤੇ ਕਾਬੂ ਪਾਇਆ ਜਾ ਸਕੇ। ਇਸ ਦੀ ਰੋਕਥਾਮ ਲਈ ਜਿਵੇਂ ਹੀ ਬਿਮਾਰੀਆਂ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ 100 ਮਿਲੀਲਿਟਰ ਐਮੀਸਟਾਰ ਟੋਪ 325 ਐਸ.ਸੀ. (ਅਜੋਕਸੀਸਟਰੋਬਿਨ + ਡਾਈਫਿਨੋਕੋਨਾਜ਼ੋਲ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਲੋੜ ਪੈਣ 'ਤੇ 15 ਦਿਨ ਦੇ ਵਕਫ਼ੇ 'ਤੇ ਦੁਹਰਾਓ।

### ਟਾਂਡੇ ਗਲਣ ਦਾ ਰੋਗ

ਇਹ ਰੋਗ ਇੱਕ ਜੀਵਾਣੂ ਕਰਕੇ ਹੁੰਦਾ ਹੈ। ਇਸ ਦਾ ਹਮਲਾ ਬਰਸਾਤਾਂ ਵਿੱਚ ਗਰਮੀ ਤੇ ਨਮੀ ਕਰਕੇ ਜ਼ਿਆਦਾ ਹੁੰਦਾ ਹੈ। ਇਸ ਰੋਗ ਨਾਲ ਤਣੇ ਦੀ ਦੂਜੀ ਜਾਂ ਤੀਜੀ ਗੰਢ ਵਾਲੇ ਹਿੱਸੇ ਉੱਤੇ ਪਾਣੀ ਭਿੱਜੇ ਨਿਸ਼ਾਨ ਪੈ ਜਾਂਦੇ ਹਨ, ਜਿਸ ਦੇ ਨਾਲ ਤਣਾ ਹੌਲੀ-ਹੌਲੀ ਗਲਣਾ ਸ਼ੁਰੂ ਹੋ ਜਾਂਦਾ ਹੈ। ਇਸ ਬਿਮਾਰੀ ਦੀਆਂ ਮੁੱਖ ਨਿਸ਼ਾਨੀਆਂ ਤਣੇ ਦੇ ਬਾਹਰਲੇ ਹਿੱਸੇ ਦਾ ਹਰਾਪਣ ਖ਼ਤਮ ਹੋ ਜਾਣਾ ਅਤੇ ਤਣੇ ਵਿੱਚੋਂ ਬਦਬੂ ਆਉਂਦੀ ਹੈ। ਬਿਮਾਰੀ ਵਾਲਾ ਤਣਾ ਬਿਮਾਰੀ ਵਿੱਚ ਉਬਲਿਆ ਹੋਇਆ ਨਜ਼ਰ ਆਉਂਦਾ ਹੈ। ਬਿਮਾਰੀ ਹੇਠ ਆਇਆ ਤਣਾ ਹੇਠਲੇ ਹਿੱਸੇ ਤੋਂ ਟੁੱਟ ਵੀ ਸਕਦਾ ਹੈ। ਅਗਸਤ-ਸਤੰਬਰ ਦੇ ਮਹੀਨਿਆਂ ਵਿੱਚ ਜ਼ਿਆਦਾ ਮੀਂਹ ਪੈਣ ਨਾਲ ਖੇਤਾਂ ਦੇ ਵਿੱਚ ਪਾਣੀ ਖੜ੍ਹਾ ਹੋ ਜਾਂਦਾ ਹੈ, ਜਿਸ ਕਰਕੇ ਇਹ ਬਿਮਾਰੀ ਬੜੀ ਤੇਜ਼ੀ ਨਾਲ ਫੈਲਦੀ ਹੈ।

**ਰੋਕਥਾਮ** : ਜਿਹੜੇ ਖੇਤਾਂ ਵਿੱਚ ਪਾਣੀ ਦੇ ਨਿਕਾਸ ਦੀ ਸਮੱਸਿਆ ਹੈ, ਉਨ੍ਹਾਂ ਖੇਤਾਂ ਵਿੱਚ ਮੱਕੀ ਦੀ ਬਿਜਾਈ ਵੱਟਾਂ 'ਤੇ ਕਰਨੀ ਚਾਹੀਦੀ ਹੈ। ਬਰਸਾਤਾਂ ਵਿੱਚ ਇਸ ਬਿਮਾਰੀ ਤੋਂ ਬਚਣ ਲਈ ਖੇਤਾਂ ਵਿੱਚ ਪਾਣੀ ਦਾ ਨਿਕਾਸ ਅਤੇ ਬੂਟਿਆਂ ਵਿਚਕਾਰ ਸਹੀ ਫ਼ਾਸਲਾ ਰੱਖਣਾ ਚਾਹੀਦਾ ਹੈ। ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ ਅਤੇ ਜਦੋਂ ਵੀ ਬਿਮਾਰੀ ਦੇ ਲੱਛਣ ਕੁਝ ਬੂਟਿਆਂ 'ਤੇ ਨਜ਼ਰ ਆਉਣ ਤਾਂ ਉਨ੍ਹਾਂ ਬੂਟਿਆਂ ਦੇ ਮੁੱਢਾਂ ਨੂੰ ਪੁੱਟ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ।

**ਪਰਮਿੰਦਰ ਕੌਰ ਸਹਿਜਪਾਲ, ਪਰਮਿੰਦਰ ਸਿੰਘ ਸੰਧੂ ਤੇ ਪਰਵਿੰਦਰ ਸਿੰਘ, ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ**